# ਆਪਣੇ ਬੱਚੇ ਨਾਲ ਪੜਨਾ ਅਤੇ ਲਿਖਣਾ

## ਕਿੰਡਰਗਾਰਟਨ ਤੋਂ 6 ਗਰੇਡ ਤੱਕ

ਮਾਪਿਆਂ ਦੀ ਗਾਈਡ

PUNJABI

reach every student

Ontario

*ਆਪਣੇ ਬੱਚੇ ਨਾਲ ਪੜਨਾ ਅਤੇ ਲਿਖਣਾ, ਕਿੰਡਰਗਾਰਟਨ ਤੋਂ 6 ਗਰੇਡ ਤੱਕ* ਉਂਟੇਰੀਓ ਦੇ ਸਿੱਖਿਆ ਮੰਤਰਾਲੇ ਦੀ *ਆਪਣੇ ਬੱਚੇ ਨਾਲ : ਪੜਨ ਅਤੇ ਲਿਖਣ ਵਿੱਚ ਮਦਦ ਕਰਨਾ: ਮਾਪਿਆਂ ਲਈ ਗਾਈਡ ਦਾ* ਇੱਕ ਸੁਧਰਿਆ ਰੂਪ ਹੈ। ਇਸਨੂੰ ਪੇਰੈਂਟ ਐਨਗੇਜਮੈਂਟ ਦਫਤਰ *(**Parent Engagement Office**)* ਦੀ ਸਾਂਝੀਦਾਰੀ ਨਾਲ ਲਿਟਰੇਸੀ ਅਤੇ ਨਿਊਮਰੇਸੀ ਸੱਕਤਰੇਤ *(**Literacy and Numeracy Secretariat**)* ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਐਡੀਸ਼ਨ ਵਿੱਚ ਨਵੀਆਂ ਚੀਜ਼ਾਂ ਹਨ: **TVOkids.com** ਉੱਤੇ ਖੇਡਾਂ ਅਤੇ ਗਤੀਵਿਧੀਆਂ ਦੇ ਲਿੰਕ

# ਸਮੱਗਰੀ

ਮਾਪਿਆਂ ਲਈ ਨੋਟ ..... 2

ਮੈਂ ਆਪਣੇ ਬੱਚੇ ਦੀ ਸਿੱਖਿਆ ਵਿੱਚ ਕਿਵੇਂ ਮੱਦਦ ਕਰ ਸਕਦਾ/ਸਕਦੀ ਹਾਂ? ..... 3

ਪੜ੍ਹਨ ਅਤੇ ਲਿਖਣ ਦੇ ਮੀਲਪੱਥਰ ..... 4
- ਤੁਹਾਡੇ ਬੱਚੇ ਦੇ ਪੜ੍ਹਨ ਅਤੇ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ..... 5
- ਜਦੋਂ ਤੁਹਾਡਾ ਬੱਚਾ ਪਹਿਲੀ ਵਾਰ ਪੜ੍ਹਨਾ ਅਤੇ ਲਿਖਣਾ ਸਿੱਖਦਾ ਹੈ ..... 6
- ਜਿਉਂ ਤੁਹਾਡਾ ਬੱਚਾ ਪੜ੍ਹਨਾ ਅਤੇ ਲਿਖਣਾ ਸਿੱਖਦਾ ਹੈ ..... 7
- ਜਿਉਂ ਤੁਹਾਡਾ ਬੱਚਾ ਵਧੇਰੇ ਧਾਰਾਪ੍ਰਵਾਹ ਪੜ੍ਹਨਾ ਅਤੇ ਸਾਫ ਲਿਖਣਾ ਸ਼ੁਰੂ ਕਰਦਾ ਹੈ ..... 8
- ਜਿਉਂ ਤੁਹਾਡਾ ਬੱਚਾ ਇੱਕ ਪੜ੍ਹਨ ਅਤੇ ਲਿਖਣ ਵਾਲੇ ਵਜੋਂ ਵਿਕਸਿਤ ਹੋਣਾ ਜਾਰੀ ਰੱਖਦਾ ਹੈ ..... 9

ਮਾਪਿਆਂ ਲਈ ਸਾਖਰਤਾ ਦੇ ਚਾਰ ਉੱਚ ਪੱਧਰੀ ਨੁਕਤੇ ..... 10
- ਆਪਣੇ ਬੱਚੇ ਨਾਲ ਗੱਲ ਕਰੋ ..... 10
- ਸਮਝਦਾਰੀ ਦੀਆਂ ਆਦਤਾਂ ਬਣਾਓ ..... 12
- ਹਰ ਰੋਜ਼ ਪੜ੍ਹੋ ..... 14
- ਇਸਨੂੰ ਮਜ਼ੇਦਾਰ ਬਣਾਓ, ਇਸਨੂੰ ਮਹੱਤਵ ਦਿਓ ..... 16

ਆਪਣੇ ਬੱਚੇ ਤੋਂ ਬਿਹਤਰੀ ਦੀ ਉਮੀਦ ਰੱਖੋ ..... 18

ਆਨਲਾਈਨ ਸ੍ਰੋਤ ..... 19

> ਜਿੰਨਾ ਵਧੇਰੇ ਪਰਿਵਾਰ ਆਪਣੇ ਬੱਚਿਆਂ ਦੀ ਸਿੱਖਿਆ ਅਤੇ ਵਿੱਦਿਅਕ ਤਰੱਕੀ ਵਿੱਚ ਮੱਦਦ ਕਰਦੇ ਹਨ, ਸੰਭਾਵਨਾ ਹੈ ਕਿ ਬੱਚੇ ਉੱਨਾ ਹੀ ਵਧੇਰੇ ਚੰਗਾ ਸਕੂਲ ਵਿੱਚ ਕਰਨਗੇ ਅਤੇ ਆਪਣੀ ਸਿੱਖਿਆ ਨੂੰ ਜਾਰੀ ਰੱਖਣਗੇ।

**Karen Mapp and Anne Henderson, 2002**
*A New Wave of Evidence:*
*The Impact of School, Family, and Community*
*Connections on Student Achievement*

# ਤੁਸੀਂ ਆਪਣੇ ਬੱਚੇ ਦੇ ਪਹਿਲੇ ਅਧਿਆਪਕ ਹੋ।

ਤੁਹਾਡੀ ਮੱਦਦ ਨਾਲ, ਤੁਹਾਡਾ ਬੱਚਾ ਮਜਬੂਤ ਲਿਖਣ ਦੇ ਹੁਨਰਾਂ ਨਾਲ ਇੱਕ ਉੱਤਮ ਪੜਨ ਵਾਲਾ ਬਣੇਗਾ– ਅਤੇ ਇਹ ਕਿੰਨਾ ਵੱਡਾ ਫਰਕ ਪੈਦਾ ਕਰੇਗਾ ਜਦੋਂ ਉਹ ਸਕੂਲ, ਯੂਨੀਵਰਸਿਟੀ ਜਾਂ ਰੁਜ਼ਗਾਰ ਵਿੱਚ ਦਾਖਲ ਹੋਵੇਗਾ! ਆਪਣੇ ਬੱਚੇ ਨੂੰ ਪੜਨਾ ਅਤੇ ਲਿਖਣਾ ਸਿੱਖਣ ਲਈ ਤੁਹਾਨੂੰ ਕੋਈ ਖਾਸ ਹੁਨਰਾਂ ਦੀ ਲੋੜ ਨਹੀਂ। ਆਪਣੇ ਬੱਚੇ ਨੂੰ ਪੜਨਾ ਅਤੇ ਲਿਖਣਾ ਸਿੱਖਣ ਦੌਰਾਨ ਉਸ ਨਾਲ ਸਮਾਂ ਬਿਤਾਉਣਾ ਵੱਡਾ ਫਰਕ ਪਾਉਂਦਾ ਹੈ। ਤੁਹਾਡਾ ਬੱਚਾ ਹਾਲੇ ਸ਼ੁਰੂ ਹੀ ਕਰ ਰਿਹਾ ਹੈ ਜਾਂ ਪਹਿਲਾਂ ਤੋਂ ਪੜ ਅਤੇ ਲਿਖ ਸਕਦਾ ਹੈ, ਵਧੇਰੇ ਸਿੱਖਣ ਲਈ ਸਦਾ ਹੀ ਥਾਂ ਬਾਕੀ ਹੁੰਦੀ ਹੈ। ਜਿਉਂ ਤੁਹਾਡਾ ਬੱਚਾ ਵੱਡਾ ਹੁੰਦਾ ਹੈ,ਉਹ ਨਵੇਂ ਅਵਸਰਾਂ ਅਤੇ ਨਵੀਆਂ ਸਫਲਤਾਵਾਂ ਨੂੰ ਮਾਣੇਗਾ ਕਿਉਂਕਿ ਇੱਕ ਪਹਿਲੇ ਅਧਿਆਪਕ ਨੇ – ਤੁਸੀਂ– ਘਰ ਵਿੱਚ ਉਸ ਨਾਲ ਸਰਗਰਮੀ ਨਾਲ ਗੱਲਬਾਤ ਕਰਨ, ਖੇਡਣ ਅਤੇ ਸੁਣਨ ਨੂੰ ਸਮਾਂ ਦਿੱਤਾ ਹੈ। ਇਸ ਨਾਲ ਉਹ ਸਾਰਾ ਕੁੱਝ ਮਜ਼ਬੂਤ ਹੋਣ ਵਿੱਚ ਮੱਦਦ ਮਿਲਦੀ ਹੈ ਜੋ ਉਸਨੇ ਸਕੂਲ ਵਿੱਚ ਸਿੱਖਿਆ ਹੈ।

ਅਸੀਂ ਇਹ ਗਾਈਡ ਤੁਹਾਨੂੰ ਤੁਹਾਡੇ ਬੱਚੇ ਦਾ ਸਮਰਥਨ ਕਰਨ ਵਿੱਚ ਨੂੰ ਮੱਦਦ ਕਰਨ ਲਈ ਬਣਾਈ ਹੈ। ਸਾਰੇ ਨੁਕਤੇ ਉਂਟੇਰੀਓ ਦੇ curriculum (ਸਿਲੇਬਸ) ਉੱਤੇ ਆਧਾਰਤ ਹਨ ਅਤੇ ਜੋ ਬੱਚਾ ਸਕੂਲ ਵਿੱਚ ਸਿੱਖਦਾ ਹੈ, ਉਸ ਨਾਲ ਜੁੜੇ ਹੋਏ ਹਨ। ਚੇਤੇ ਰੱਖੋ, ਉਮਰ ਭਰ ਦੀ ਸਫਲਤਾ ਚੰਗੇਰੇ ਪੜਨ ਅਤੇ ਲਿਖਣ ਦੇ ਹੁਨਰਾਂ ਨਾਲ ਸ਼ੁਰੂ ਹੁੰਦੀ ਹੈ। ਅਤੇ ਇਸਦਾ ਭਾਵ ਹੈ ਤੁਹਾਡੇ ਬੱਚੇ ਦੀ ਉਮਰ ਭਰ ਦੀ ਸਫਲਤਾ ਤੁਹਾਡੇ ਨਾਲ ਸ਼ੁਰੂ ਹੁੰਦੀ ਹੈ।

ਇੱਕਠੇ ਸਿੱਖਦੇ ਹੋਏ ਆਨੰਦ ਲਵੋ।

ਕ੍ਰਿਪਾ ਕਰਕੇ ਨੋਟ ਕਰੋ: ਇਸ ਗਾਈਡ ਵਿੱਚ, *ਮਾਪੇ* ਸ਼ਬਦ ਮਾਪਿਆਂ, ਸਰਪ੍ਰਸਤਾਂ, ਸੰਭਾਲ ਕਰਨ ਵਾਲਿਆਂ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਦਾ ਹਵਾਲਾ ਦੇਂਦਾ ਹੈ ਜੋ ਬੱਚਿਆਂ ਨੂੰ ਪੜਨ ਅਤੇ ਲਿਖਣ ਵਿੱਚ ਮੱਦਦ ਕਰਦੇ ਹਨ।

# ਮੈਂ ਆਪਣੇ ਬੱਚੇ ਦੀ ਸਿਖਲਾਈ ਵਿੱਚ ਕਿਵੇਂ ਮੱਦਦ ਕਰ ਸਕਦਾ ਹਾਂ?

## ਪੜ੍ਹਨ ਅਤੇ ਲਿਖਣ ਦੀ ਸਿਖਲਾਈ ਸਕੂਲ ਅਤੇ ਘਰ ਵਿਖੇ ਵਾਪਰਦੀ ਹੈ।

ਇਸ ਗਾਈਡ ਵਿੱਚ ਵਿਹਾਰਿਕ ਜਾਣਕਾਰੀ ਹੈ ਜੋ ਤੁਹਾਨੂੰ ਆਪਣੇ ਬੱਚੇ ਨੂੰ ਘਰ ਵਿਖੇ ਪੜ੍ਹਨ ਅਤੇ ਲਿਖਣ ਵਿੱਚ ਮੱਦਦ ਕਰੇਗੀ। ਇਹ ਸੌਖੀਆਂ ਅਤੇ ਮਨੋਰੰਜਨ ਭਰੀਆਂ ਗਤੀਵਿਧੀਆਂ ਸੁਝਾਉਂਦੀ ਹੈ ਜੋ ਤੁਸੀਂ ਆਪਣੇ ਬੱਚੇ ਨਾਲ ਖਾਣੇ ਦੇ ਲੇਬਲ ਪੜ੍ਹਨ, ਗਰੌਸਰੀ ਦੀਆਂ ਲਿਸਟਾਂ ਲਿਖਣ ਤੋਂ ਖੇਡ ਅਭਿਆਸ ਜਾਣ ਦੇ ਰਸਤੇ ਦੌਰਾਨ ਆਪਸੀ ਗੱਲਬਾਤ ਕਰਨ, ਪੂਰੇ ਪਰਿਵਾਰ ਨਾਲ ਮੂਵੀ ਬਾਰੇ ਵਿਚਾਰ ਕਰਨ ਵੇਲੇ ਕਰ ਸਕਦੇ ਹੋ। ਇਹ ਸਾਰੇ ਸਾਂਝੇ ਰੂਪ ਵਿੱਚ ਹਾਸਲ ਕੀਤੇ ਤਜੁਰਬੇ ਤੁਹਾਡੇ ਬੱਚੇ ਦੇ ਸਾਖਰਤਾ ਹੁਨਰਾਂ ਨੂੰ ਵਿਕਸਤ ਕਰਨ ਵਿੱਚ ਮੱਦਦ ਕਰਨਗੇ। ਘਰ ਅਤੇ ਸਕੂਲ ਵਿੱਚਲਾ ਤਾਲਮੇਲ ਵੀ ਬੱਚੇ ਦੀ ਸਫਲਤਾ ਲਈ ਅਹਿਮ ਹੈ। ਜਦੋਂ ਬੱਚੇ ਆਪਣੇ ਮਾਪਿਆਂ ਨੂੰ ਅਧਿਆਪਕਾਂ ਨਾਲ ਕੰਮ ਕਰਦੇ ਵੇਖਦੇ ਹਨ, ਉਹ ਆਪਣੇ ਸਕੂਲ ਬਾਰੇ ਵਧੇਰੇ ਸੁਰੱਖਿਅਤ ਅਤੇ ਯਕੀਨੀ ਮਹਿਸੂਸ ਕਰਦੇ ਹਨ। ਆਪਣੇ ਬੱਚੇ ਦਾ ਆਤਮ ਵਿਸ਼ਵਾਸ ਵਧਾਉਣ ਅਤੇ ਇਹ ਜਾਨਣ ਲਈ ਕਿ ਤੁਸੀਂ ਆਪਣੇ ਬੱਚੇ ਦੀ ਸਿਖਲਾਈ ਵਿੱਚ ਕਿਵੇਂ ਮੱਦਦ ਕਰ ਸਕਦੇ ਹੋ, ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ।


ਸਾਰੇ ਬੱਚੇ ਜਿਉਂ ਵੱਡੇ ਹੁੰਦੇ ਹਨ, ਉਹ ਸਰੀਰਕ, ਬੌਧਿਕ, ਮਾਨਸਿਕ ਅਤੇ ਸਮਾਜਿਕ ਰੂਪ ਵਿੱਚ ਬਦਲਦੇ ਹਨ। ਇਸਦੇ ਬਾਵਜੂਦ ਸਿੱਖਣ ਲਈ ਹਰ ਬੱਚਾ ਵਿੱਲਖਣ ਯੋਗਤਾਵਾਂ, ਲੋੜਾਂ ਅਤੇ ਅਨੁਭਵ ਲੈ ਕੇ ਆਉਂਦਾ ਹੈ। ਆਪਣੇ ਬੱਚੇ ਦੀ ਵਿੱਲਖਣ ਨਿੱਜੀ ਅਤੇ ਸੱਭਿਆਚਾਰਕ ਪਹਿਚਾਣ ਨੂੰ ਸਵੀਕਾਰ ਕਰਦੇ ਅਤੇ ਪਰਪੱਕ ਕਰਦੇ ਹੋਏ, ਤੁਸੀਂ ਆਪਣੇ ਬੱਚੇ ਨੂੰ ਇੱਕ ਪਾਠਕ ਅਤੇ ਲੇਖਕ ਵਜੋਂ ਪ੍ਰਫੁੱਲਤ ਹੋਣ ਵਿੱਚ ਮੱਦਦ ਕਰੋਗੇ।

ਅੰਤ ਵਿੱਚ, ਚੇਤੇ ਰੱਖੋ ਕਿ ਪੜ੍ਹਨਾ ਅਤੇ ਲਿਖਣਾ ਯਕਦਮ ਨਹੀਂ ਵਾਪਰਦਾ। ਹਰ ਕੋਈ ਵੱਖਰੀ ਰਫਤਾਰ ਨਾਲ ਸਿੱਖਦਾ ਹੈ। ਇਹ ਵਾਸਤੇ ਸਿਰਫ ਸਮਾਂ, ਅਭਿਆਸ ਅਤੇ ਸਹਾਰੇ ਦੀ ਲੋੜ ਹੁੰਦੀ ਹੈ। ਜਦੋਂ ਤੁਸੀਂ ਕਰ ਸਕਦੇ ਹੋ, ਜਿੱਥੇ ਤੁਸੀਂ ਕਰ ਸਕਦੇ ਹੋ, ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਅਤੇ ਵਿਖਾਓ ਕਿ ਤੁਹਾਨੂੰ ਉਸਦੀਆਂ ਯੋਗਤਾਵਾਂ ਵਿੱਚ ਵਿਸ਼ਵਾਸ਼ ਹੈ।



# ਪੜਨ ਅਤੇ ਲਿਖਣ ਦੇ ਮੀਲਪੱਥਰ

ਬੱਚੇ ਲਈ ਪੜਨ ਅਤੇ ਲਿਖਣ ਦਾ ਬਿਹਤਰ ਸਮਾਂ ਉਸ ਵੇਲੇ ਹੁੰਦਾ ਹੈ ਜਦੋਂ ਉਹ ਬਾਲਪਣ ਵਿੱਚ ਹੁੰਦੇ ਹਨ। ਇਹ ਉਹ ਵੇਲਾ ਹੈ ਜਦੋਂ ਉਹ ਹਾਂ ਪੱਖੀ ਰਵਈਆ ਅਤੇ ਬੁਨਿਆਦੀ ਹੁਨਰ ਸਿੱਖਣਾ ਸ਼ੁਰੂ ਕਰਦੇ ਹਨ। ਬੱਚਿਆਂ ਲਈ ਪੜਨਾ ਅਤੇ ਉਹਨਾਂ ਦੇ ਖਿਆਲਾਂ ਬਾਰੇ ਗੱਲਬਾਤ ਕਰਨਾ (ਹਾਲਾਂਕਿ ਬੇਸ਼ੱਕ ਉਹਨਾਂ ਦੇ ਖਿਆਲ ਤੁਹਾਡੇ ਲਈ ਕੋਈ ਮਾਅਨਾ ਨਾ ਰੱਖਦੇ ਹੋਣ) ਬੱਚਿਆਂ ਨੂੰ ਸਮਝ ਦੇ ਗੰਭੀਰ ਪੱਧਰ ਤੱਕ ਲਿਜਾਂਦਾ ਹੈ। ਜੇਕਰ ਤੁਸੀਂ ਅਤੇ ਤੁਹਾਡਾ ਬੱਚਾ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਸੌਖ ਮਹਿਸੂਸ ਕਰਦੇ ਹੋ, ਕ੍ਰਿਪਾ ਕਰਕੇ ਉਸਨੂੰ ਵਰਤੋ! ਘਰ ਵਿੱਚ ਬੋਲੀ ਜਾਂਦੀ ਭਾਸ਼ਾ ਵਿੱਚ ਬੱਚੇ ਨਾਲ ਪੜਨਾ ਅਤੇ ਗੱਲਾਂ ਕਰਨਾ ਬਹੁਤ ਲਾਭਦਾਇਕ ਹੈ। ਪੜਨ ਅਤੇ ਲਿਖਣ ਨੂੰ ਸਿੱਖਣ ਵਿੱਚ ਕਈ ਪੜਾਅ ਸ਼ਾਮਲ ਹੁੰਦੇ ਹਨ ਜੋ ਅੰਤ ਨੂੰ ਰਵਾਨਗੀ ਨਾਲ ਪੜਨ ਅਤੇ ਸਾਫ ਲਿਖਣ ਵੱਲ ਲਿਜਾਂਦੇ ਹਨ। ਅਗਲੇ ਕੁੱਝ ਪੰਨੇ ਸ਼ੁਰੂਆਤੀ ਸਾਲਾਂ ਤੋਂ ਜੂਨੀਅਰ ਗਰੇਡਾਂ ਅਤੇ ਉਸਤੋਂ ਅਗਲੇਰੇ ਸਾਖਰਤਾ ਵਿਕਾਸ ਨੂੰ ਪਕੜਦੇ ਹਨ।



## ਤੁਹਾਡੇ ਬੱਚੇ ਦੇ ਪੜਨ ਅਤੇ ਲਿਖਣ ਸ਼ੁਰੂ ਕਰਨ ਤੋਂ ਪਹਿਲਾਂ

ਨਿੱਕੇ ਬੱਚੇ ਉਤਾਵਲੇਪਣ ਨਾਲ ਸਿੱਖਣ ਵਾਲੇ ਹੁੰਦੇ ਹਨ ਅਤੇ ਸਾਖਰਤਾ ਹੁਨਰਾਂ ਨੂੰ ਵੰਨਗੀ ਭਰੇ ਤਰੀਕਿਆਂ ਨਾਲ ਵਿਕਸਤ ਕਰ ਸਕਦੇ ਹਨ। ਇਹ ਪੜਾਅ ਵਿੱਚ, ਤੁਹਾਡਾ ਬੱਚਾ:

- ਉਸਨੂੰ ਪੜਕੇ ਸੁਣਾਇਆ ਜਾਣਾ ਅਤੇ ਕਿਤਾਬਾਂ ਜਾਂ ਸ਼ਬਦਾਂ ਨੂੰ ਵੇਖਣਾ ਪਸੰਦ ਕਰਦਾ ਹੈ
- ਅੱਖਰਾਂ ਦੇ ਬਲਾਕਾਂ ਨਾਲ ਖੇਡਦੇ, ਤਸਵੀਰਾਂ ਵਾਲੀਆਂ ਪੁਸਤਕਾਂ ਨੂੰ ਵੇਖਦੇ, ਚੁੰਬਕੀ ਅੱਖਰਾਂ ਨਾਲ ਖੇਡਦੇ, ਗੀਤ ਗਾਉਂਦੇ ਅਤੇ ਸਾਧਾਰਣ ਟਰੈਫਿਕ ਸੰਕੇਤਾਂ ਅਤੇ ਖਾਣੇ ਦੇ ਪੈਕਾਂ ਦੇ ਲੋਗੋਆਂ (logos) ਨੂੰ ਵੇਖਦੇ ਹੋਏ ਸ਼ਬਦਾਂ ਬਾਰੇ ਸਿੱਖਦਾ ਹੈ
- ਇਹ ਸਮਝ ਬਣਾਉਣੀ ਸ਼ੁਰੂ ਕਰਦਾ ਹੈ ਕਿ ਉਸਦੇ ਆਪਣੇ ਖਿਆਲਾਂ ਨੂੰ – ਕਾਗਜ਼ ਜਾਂ ਕੰਪਿਊਟਰ ਉੱਤੇ, ਤਸਵੀਰਾਂ, ਪ੍ਰਤੀਕਾਂ ਜਾਂ ਅੱਖਰਾਂ ਨੂੰ ਵਰਤਦੇ ਹੋਏ ਲੇਖਣੀ ਵਿੱਚ ਬਦਲਿਆ ਜਾ ਸਕਦਾ ਹੈ।
- ਇੱਕ ਪਾਠਕ ਵਾਂਗ ਢੌਂਗ ਕਰਨਾ ਸ਼ੁਰੂ ਕਰਦਾ ਹੈ– ਮਿਸਾਲ ਵਜ਼ੋਂ, ਕਿਤਾਬ ਫੜਕੇ ਜਾਂ ਈ ਰੀਡਰ (e-reader) ਜਾਂ ਕੰਪਿਊਟਰ ਦਾ ਮਾਊਸ (mouse) ਵਰਤ ਕੇ ਅਤੇ ਪੜਨ ਦਾ ਬਹਾਨਾ ਬਣਾ ਕੇ।
- ਇੱਕ ਲੇਖਕ ਵਾਂਗ ਢੌਂਗ ਕਰਨਾ ਸ਼ੁਰੂ ਕਰਦਾ ਹੈ–ਮਿਸਾਲ ਵਜ਼ੋਂ, ਪੈਨਸਿਲ, ਰੰਗ ਜਾਂ ਮਾਰਕਰ (crayon or marker) ਅਤੇ ਲਿਖਣ ਦਾ ਬਹਾਨਾ ਕਰਕੇ, ਕੀ ਬੋਰਡ (keyboard) ਉੱਤੇ ਟਾਈਪ ਕਰਕੇ, ਜਾਂ ਮਾਡਲਿੰਗ ਕਲੇਅ ਨਾਲ ਅੱਖਣ ਬਣਾਉਂਦਾ ਹੈ।
- ਕਹਾਣੀ ਸੁਣਾਉਣ ਲਈ ਚੇਤੇ ਕੀਤੀਆਂ ਗੱਲਾਂ ਅਤੇ ਤਸਵੀਰਾਂ ਨੂੰ ਵਰਤਦਾ ਹੈ।
- ਉਤਸੁਕ ਹੈ ਅਤੇ ਆਪਣੇ ਸੰਸਾਰ ਬਾਰੇ ਕਾਫੀ ਸੁਆਲ ਪੁੱਛਦਾ ਹੈ।




**ਪੜਨ ਅਤੇ ਲਿਖਣ ਦੇ ਮੀਲ ਪੱਥਰ ਕੁੱਝ ਮਨੋਰੰਜਕ ਚੀਜ਼ਾਂ ਕਰਨ ਲਈ, www.tvokids.com ਉੱਤੇ ਜਾਓ ਅਤੇ ਇਹਨਾਂ ਸ਼ਾਨਦਾਰ ਖੇਡਾਂ ਲਈ 2 ਤੋਂ 5 ਸਾਲ ਉੱਤੇ ਕਲਿੱਕ ਕਰੋ।**

### ਅੱਖਰ/ਆਵਾਜ਼ ਦੀ ਪਹਿਚਾਣ (ਫੋਨਿਕਸ) (phonics)

**Magic Mailbox ABC's**
**ABC's ਦਾ ਜਾਦੂਈ ਮੇਲ ਬਾਕਸ**
ਵਰਣਮਾਲਾ ਦੇ ਵੱਖਰੇ ਅੱਖਰਾਂ ਦੇ ਨਾਮ ਸੁਣਨ ਲਈ ਮੇਲ ਬਾਕਸ ਉੱਤੇ ਕਲਿੱਕ ਕਰੋ
www.tvokids.com/games/magicmailboxabcs

**Letterella** (ਸ਼ੁਰੂਆਤ ਕਰਨ ਵਾਲੇ ਦਾ ਪੱਧਰ)
ਵਰਣਮਾਲਾ ਦੇ ਵੱਖਰੇ ਅੱਖਰਾਂ ਦੀ ਆਵਾਜ਼ ਸੁਣੋ
www.tvokids.com/games/letterella

### ਸਾਡੇ ਆਲੇ ਦੁਆਲੇ ਪੜਨਾ ਣਨਵਰਿੰਨਮੲਨਟਅਲ ਪਰਨਿਟ (ਵਾਤਾਵਰਣੀ ਪ੍ਰਿੰਟ)

**Sign Match**
(ਸੰਕੇਤਾਂ ਦਾ ਮੇਲਣਾ)
ਆਪਣੇ ਆਲੇ ਦੁਆਲੇ ਜੋ ਸੰਕੇਤ ਵੇਖਦੇ ਹੋ ਉਹਨਾਂ ਨੂੰ ਮੇਲੋ।
www.tvokids.com/games/signmatch

### ਜੋ ਪੜਦੇ ਹਾਂ ਉਸਨੂੰ ਸਮਝਣਾ (ਪੜਨ ਦਾ ਬੋਧ)

**Out of Order**
(ਵਿਗੜੀ ਤਰਤੀਬ)
ਕਹਾਣੀ ਦੀਆਂ ਤਸਵੀਰਾਂ ਨੂੰ ਤਰਤੀਬ ਵਿੱਚ ਰੱਖੋ
www.tvokids.com/games/outorder

**Gisèle's Big Backyard Book Club**
(**Gisèle's** ਵੱਡੀ ਬੈਕਯਾਰਡ ਦਾ ਬੁੱਕ ਕਲੱਬ)
ਉੱਤਮ ਕਹਾਣੀਆਂ ਸੁਣੋ!
www.tvokids.com/activities/gisèlesbigbackyardbookclub

## ਜਦੋਂ ਤੁਹਾਡਾ ਬੱਚਾ ਪਹਿਲੀ ਵਾਰ ਪੜਨਾ ਅਤੇ ਲਿਖਣਾ ਸਿੱਖਦਾ ਹੈ

ਜਦੋਂ ਬੱਚੇ ਪਹਿਲੀ ਵਾਰ ਪੜਨਾ ਅਤੇ ਲਿਖਣਾ ਸਿੱਖਦੇ ਹਨ, ਉਹ ਜੋ ਕੁੱਝ ਪੜ ਰਹੇ ਹਨ, ਉਹਨਾਂ ਖਿਆਲਾਂ ਬਾਰੇ ਗੱਲਬਾਤ ਕਰਨਾ ਬਹੁਤ ਅਹਿਮ ਹੈ। ਇਸ ਨਾਲ ਉਹਨਾਂ ਦੀ ਸਮਝ ਦੀ ਪਕੜ ਦੇ ਹੁਨਰ ਤਿੱਖੇ ਹੋਣਗੇ। ਇਸ ਪੜਾਅ ਉੱਤੇ, ਤੁਹਾਡਾ ਬੱਚਾ:

- ਲਿਖੇ ਸ਼ਬਦਾਂ ਨੂੰ ਬੋਲੇ ਗਏ ਸ਼ਬਦਾਂ ਨਾਲ ਜੋੜਨਾ ਅਤੇ ਆਵਾਜ਼ ਅਤੇ ਅੱਖਰਾਂ ਵਿੱਚ ਰਿਸ਼ਤੇ ਨੂੰ ਵੇਖਣਾ ਸ਼ੁਰੂ ਕਰਦਾ ਹੈ।
- ਪੜਨ ਨਾਲ ਤਜੁਰਬੇ ਕਰਨਾ ਆਰੰਭ ਕਰਦਾ ਹੈ ਅਤੇ ਪੜਨ ਸਮੇਂ ਉੱਚੀ ਆਵਾਜ਼ ਵਿੱਚ ਪੜਦਾ ਹੈ।
- ਸ਼ਬਦਾਂ ਦੇ ਅਰਥ ਸਮਝਣ ਵਿੱਚ ਮੱਦਦਗਾਰ ਤਸਵੀਰਾਂ ਨੂੰ ਪੰਨੇ ਜਾਂ ਪਰਦੇ (screen) ਉੱਤੇ ਲੱਭਦਾ ਹੈ।
- ਲਿਖਣ ਦੇ ਤਜੁਰਬੇ ਕਰਨੇ ਆਰੰਭ ਕਰਦਾ ਹੈ- ਮਿਸਾਲ ਵਜੋਂ, ਅੱਖਰਾਂ ਨਾਲ ਮਿਲਦੇ ਜੁਲਦੇ ਪ੍ਰਤੀਕ ਲਿਖਦਾ ਹੈ, ਉੱਘੜ ਦੁੱਘੜ ਅੱਖਰਾਂ ਦੇ ਗਰੁੱਪ ਲਿਖਦਾ ਹੈ ਅਤੇ ਅਖੀਰ ਨੂੰ ਅਸਲ ਸ਼ਬਦ ਲਿਖਦਾ ਹੈ।
- ਸੁਆਲ ਪੁੱਛੋ ਕਿ ਉਹ ਕੀ ਸਿੱਖਣਾ ਚਾਹੇਗਾ/ਚਾਹੇਗੀ (ਇਸ ਰੁਚੀ ਨੂੰ ਉਤਸ਼ਾਹਿਤ ਕਰੋ!)



ਪੜਨ ਅਤੇ ਲਿਖਣ ਦੇ ਮੀਲ ਪੱਥਰ ਕੁੱਝ ਮਨੋਰੰਜਕ ਚੀਜ਼ਾਂ ਕਰਨ ਲਈ, www.tvokids.com ਉੱਤੇ ਜਾਓ ਅਤੇ ਇਹਨਾਂ ਸ਼ਾਨਦਾਰ ਖੇਡਾਂ ਲਈ 2 ਤੋਂ 5 ਸਾਲ ਉੱਤੇ ਕਲਿੱਕ ਕਰੋ।

### ਅੱਖਰ/ਆਵਾਜ਼ ਦੀ ਪਹਿਚਾਣ (ਫੋਨਿਕਸ) (phonics)

**Alphabet Goop** (ਵਰਣਮਾਲਾ ਗੂਪ)
ਗਿਆਤਾ ਸ਼ਬਦਾਂ ਦੀਆਂ ਮੁੱਢਲੀਆਂ ਆਵਾਜ਼ਾਂ ਬਾਰੇ ਜਾਣੋ।
www.tvokids.com/games/alphabetgoop

**Letterella** (**Pro Level**) (ਲੈਟਰੈਲਾ)
ਜਾਣੇ ਪਛਾਣੇ ਸ਼ਬਦਾਂ ਦੀਆਂ ਮੁੱਢਲੀਆਂ ਆਵਾਜ਼ਾਂ ਬਾਰੇ ਜਾਣੋ।
www.tvokids.com/games/letterella

### Nursery rhymes and rhyming words (ਤੁਕਬੰਦੀ: ਨਰਸਰੀ ਕਵਿਤਾਵਾਂ ਅਤੇ ਕਵਿਤਾਵਾਂ ਦੇ ਸ਼ਬਦ)

**Loosey Goosey Rhymes** (ਲੂਜ਼ੀ ਗੂਜ਼ੀ ਰ੍ਹਾਈਮਜ਼)
ਉਹਨਾਂ ਸਾਰੇ ਸ਼ਬਦਾਂ ਬਾਰੇ ਜਾਣੋ ਜੋ ਨਰਸਰੀ ਕਵਿਤਾਵਾਂ ਵਿੱਚ ਬੋਲੇ ਜਾਂਦੇ ਹਨ।
www.tvokids.com/games/looseygooseyrhymes

**Rhyme Time** (ਕਵਿਤਾਵਾਂ ਦਾ ਸਮਾਂ)
ਇਹਨਾਂ ਮਨੋਰੰਜਕ ਨਰਸਰੀ ਕਵਿਤਾਵਾਂ ਨੂੰ ਵੇਖੋ, ਕਲਿੱਕ ਕਰੋ, ਸਿੱਖੋ ਅਤੇ ਸੁਣੋ।
www.tvokids.com/games/rhymetime

### ਸ਼ਬਦ ਜੋ ਅਸੀਂ ਅਕਸਰ ਵੇਖਦੇ ਹਾਂ: ਦਿਦਾਰੀ ਸ਼ਬਦ/ਵਧੇਰੇ ਵਰਤੇ ਜਾਣ ਵਾਲੇ ਸ਼ਬਦ

**Melvin's Marvellous Words (Melvin's ਦੇ ਚਮਤਕਾਰੀ ਸ਼ਬਦ)**
ਦਿਦਾਰੀ ਸ਼ਬਦਾਂ ਨੂੰ ਸਿੱਖਣਾ ਤੁਹਾਨੂੰ ਬਿਹਤਰ ਪੜਨ ਵਾਲਾ ਬਣਾਉਣ ਵਿੱਚ ਮੱਦਦ ਕਰਦਾ ਹੈ।
www.tvokids.com/games/melvinsmarvellouswords

**Melvin's Marvellous Stories (Melvin's ਦੀਆਂ ਚਮਤਕਾਰੀ ਕਹਾਣੀਆਂ)**
ਦਿਦਾਰੀ ਸ਼ਬਦਾਂ ਨੂੰ ਸਿੱਖਣਾ ਤੁਹਾਨੂੰ ਬਿਹਤਰ ਪੜਨ ਵਾਲਾ ਬਣਾਉਣ ਵਿੱਚ ਮੱਦਦ ਕਰਦਾ ਹੈ।
www.tvokids.com/games/melvinsmarvellousstories

## ਜਿਉਂ ਤੁਹਾਡਾ ਬੱਚਾ ਪੜਨਾ ਅਤੇ ਲਿਖਣਾ ਸਿੱਖਦਾ ਹੈ

ਨਿਯਮਿਤ ਅਭਿਆਸ ਨਾਲ, ਬੱਚੇ ਪੜਨ ਅਤੇ ਲਿਖਣ ਵਿੱਚ ਮੁਹਾਰਤ ਹਾਸਲ ਕਰਦੇ ਹਨ। ਇਸਦੇ ਨਾਲ ਹੀ, ਉਹ ਉਹਨਾਂ ਕਹਾਣੀਆਂ ਜਾਂ ਜਾਣਕਾਰੀ ਬਾਰੇ ਵਧੇਰੇ ਗੰਭੀਰਤਾ ਨਾਲ ਸੋਚਣਾ ਸਿੱਖਦੇ ਹਨ ਜੋ ਉਹ ਪੜਦੇ ਹਨ। ਇਸ ਪੜਾਅ ਉੱਤੇ ਤੁਹਾਡਾ ਬੱਚਾ:

- ਆਪਣੀ ਪੜਾਈ ਨੂੰ ਵੱਖੋ ਵੱਖਰੀ ਕਿਸਮ ਦੀਆਂ ਪੜਨ ਦੀਆਂ ਸਮੱਗਰੀਆਂ ਮੁਤਾਬਿਕ ਢਾਲਣ ਦੇ ਕਾਬਲ ਹੁੰਦਾ ਹੈ, ਕਈ ਸ਼ਬਦਾਂ ਨੂੰ ਪਹਿਚਾਣਦਾ ਹੈ, ਸ਼ਬਦਾਂ ਦੇ ਅਰਥ ਕੱਢਣਾ ਸਮਝਦਾ ਹੈ ਅਤੇ ਨਵੀਆਂ ਚੀਜਾਂ ਪੜਨ ਲਈ ਚਾਹਵਾਨ ਹੁੰਦਾ ਹੈ।
- ਅਸਲ ਅੱਖਰਾਂ ਨੂੰ ਵਰਤ ਕੇ ਸਾਧਾਰਣ ਵਾਕ ਲਿਖਦਾ ਹੈ, ਸ਼ਬਦਾਂ ਵਿਚਕਾਰ ਵਕਫਾ ਦੇਂਦਾ ਹੈ ਅਤੇ ਕੁੱਝ ਵਿਰਾਮ ਵਰਤਦਾ ਹੈ
- ਲਿਖਣ ਦਾ ਆਨੰਦ ਮਾਣਦਾ ਹੈ ਅਤੇ ਕਈ ਤਰੀਕਿਆਂ ਨਾਲ ਲਿਖਣ ਵਿੱਚ ਰੁਚੀ ਵਿਖਾਉਂਦਾ ਹੈ- ਮਿਸਾਲ ਵਜੋਂ, ਗਰੌਸਰੀ ਦੀ ਲਿਸਟ, ਛੋਟੀਆਂ ਈ ਮੇਲਾਂ ਜਾਂ ਟੈਕਸਟ ਮੈਸਜ (text messages) ਲਿਖਦਾ ਹੈ
- ਸਮਝਣਾ ਸ਼ੁਰੂ ਕਰਦਾ ਹੈ ਕਿ ਮੀਡੀਆ ਕਈ ਮੰਤਵਾਂ ਲਈ ਵਰਤਿਆ ਜਾਂਦਾ ਹੈ- ਮਿਸਾਲ ਵਜੋਂ, ਸਿੱਖਿਆ ਲਈ, ਕੋਈ ਸੁਨੇਹਾ ਦੇਣ ਲਈ ਜਾਂ ਕੁੱਝ ਵੇਚਣ ਲਈ




### ਪੜਨ ਅਤੇ ਲਿਖਣ ਦੇ ਮੀਲਪੱਥਰ

ਕੁੱਝ ਮਨੋਰੰਜਕ ਚੀਜ਼ਾਂ ਕਰਨ ਲਈ www.tvokids.com ਉੱਤੇ ਜਾਓ ਅਤੇ ਇਹਨਾਂ ਸ਼ਾਨਦਾਰ ਖੇਡਾਂ ਲਈ 11 ਅਤੇ ਘੱਟ ਉਮਰ ਉੱਤੇ ਕਲਿੱਕ ਕਰੋ।

#### ਸ਼ਬਦ ਜੋੜ: ਜਾਣੂੰ ਸ਼ਬਦਾਂ ਦਾ ਜੋੜ ਕਰਨਾ

ਸ਼ਬਦ ਤਲਾਸ਼ (**Word Hunt**)
Hangman the tvokids.com way. ਸਰਦ ਰੁੱਤ ਦੀ ਕਿਸਮ ਦੀ ਖੇਡੋ!
www.tvokids.com/games/vikingwordhunt and www.tvokids.com/games/vikingwinterwordhunt

ਸ਼ਬਦ ਜਾਦੂ (**Word Magic**)
ਆਪਣੇ ਆਪ ਜਾਂ ਕਿਸੇ ਹੋਰ ਖਿਡਾਰੀ ਨਾਲ ਸ਼ਬਦ ਜੋੜ ਦਾ ਅਭਿਆਸ ਕਰੋ।
www.tvokids.com/games/wordmagic

#### ਜੋ ਅਸੀਂ ਪੜਦੇ ਹਾਂ ਉਸਨੂੰ ਸਮਝਣਾ (ਪੜਨ ਦੀ ਸਮਝ)
#### ਚੀਜਾਂ ਨੂੰ ਬਿਆਨਣਾ

**Bump-A-Word**
ਆਪਣੀ ਲੇਖਣੀ ਨੂੰ ਵਧੇਰੇ ਰੋਚਕ ਬਣਾਉਣ ਲਈ ਇਸ ਵਿੱਚ ਬਿਆਨਣ ਵਾਲੇ ਸ਼ਬਦ ਵਰਤੋ।
www.tvokids.com/games/tumbletownbumpaword

#### ਵਿਆਕਾਰਣ: ਬੋਲੀ ਦੇ ਅੰਗ

**Big Escape**
ਨਾਵਾਂ, ਕ੍ਰਿਆਵਾਂ, ਵਿਸ਼ੇਸ਼ਣਾਂ ਅਤੇ ਕਈ ਹੋਰ ਵਿਆਕਾਰਣ ਦੀਆਂ ਖੂਬਸੂਰਤੀਆਂ ਬਾਰੇ ਜਾਣੋ। (The Big Escape ਦੇ ਸਾਰੇ ਚਾਰ ਪਾਠਾਂ ਨੂੰ ਜਾਚਣਾ ਯਕੀਨੀ ਬਣਾਓ)
www.tvokids.com/games/bigescape

## ਜਿਉਂ ਤੁਹਾਡਾ ਬੱਚਾ ਵਧੇਰੇ ਧਾਰਾਪ੍ਰਵਾਹ ਪੜਨ ਅਤੇ ਸਾਫ ਲਿਖਣਾ ਸ਼ੁਰੂ ਕਰਦਾ ਹੈ

ਰਵਾਨਗੀ ਨਾਲ ਪੜਨ ਵਾਲੇ ਜੋ ਉਹ ਪੜ੍ਹ ਰਹੇ ਹੁੰਦੇ ਹਨ, ਉਸ ਬਾਰੇ ਆਪਣੇ ਪੂਰਵ ਅਨੁਭਵਾਂ ਦੇ ਪਰੀਪੇਖ ਵਿੱਚ ਸੋਚਦੇ ਹਨ। ਇਸ ਪੜਾਅ ਉੱਤੇ ਤੁਹਾਡਾ ਬੱਚਾ:

- ਛਾਪੇ ਹੋਏ ਖਿਆਲਾਂ ਅਤੇ ਤਜੁਰਬਿਆਂ ਨੂੰ ਆਪਣੇ ਗਿਆਨ ਅਤੇ ਤਜੁਰਬੇ ਨਾਲ ਜੋੜਦਾ ਹੈ।
- ਕਹਾਣੀ ਵਿਚਲੀਆਂ ਘਟਨਾਵਾਂ ਬਾਰੇ ਅੰਦਾਜ਼ਾ ਲਾਉਂਦਾ ਹੈ।
- ਪੜਨ ਦੀ ਕਦਰ ਕਰਦਾ ਹੈ ਅਤੇ ਆਪਣੇ ਸਵੈ ਉੱਦਮ ਨਾਲ ਪੜਦਾ ਹੈ
- ਆਪਣੇ ਪੜਨ ਦੇ ਹੁਨਰਾਂ ਨੂੰ ਅੱਗੇ ਲਿਜਾਂਦਾ ਹੈ ਅਤੇ ਸ਼ੁਰੂ ਕਰਦਾ ਹੈ:
  - ਸ਼ਬਦਾਂ ਨੂੰ ਸਹੀ ਤਰੀਕੇ ਲਿਖਣ ਲਈ ਵੱਖਰੀ ਕਿਸਮ ਦੀਆਂ ਤਰਕੀਬਾਂ ਵਰਤਦਾ ਹੈ
  - ਕਈ ਕਿਸਮ ਦੇ ਵਾਕਾਂ ਨੂੰ ਵਰਤਦਾ ਹੈ
  - ਜਿਹਨਾਂ ਚੀਜ਼ਾਂ ਦਾ ਉਹ ਖਿਆਲ ਕਰਦਾ ਹੈ, ਉਹਨਾਂ ਬਾਰੇ ਲਿਖਦਾ ਹੈ (ਇਹ ਤੁਹਾਡਾ ਪਰਿਵਾਰ, ਵੀਡੀਓ ਗੇਮ ਜਾਂ ਪਾਲਤੂ ਜਾਨਵਰ ਹੋ ਸਕਦਾ ਹੈ)



ਪੜਨ ਅਤੇ ਲਿਖਣ ਦੇ ਮੀਲਪੱਥਰ ਕੁੱਝ ਮਨੋਰੰਜਕ ਚੀਜ਼ਾਂ ਕਰਨ ਲਈ www.tvokids.com ਉੱਤੇ ਜਾਓ ਅਤੇ ਇਹਨਾਂ ਸ਼ਾਨਦਾਰ ਖੇਡਾਂ ਲਈ 11 ਅਤੇ ਘੱਟ ਉਮਰ ਉੱਤੇ ਕਲਿੱਕ ਕਰੋ।

### ਸ਼ਬਦ ਮਨਪ੍ਰਚਾਵਾ: ਸ਼ਬਦ ਜੋੜ ਬੋਧ, ਸ਼ਬਦ ਦੀਆਂ ਖੇਡਾਂ

ਹੈਰਾਨੀਜਨਕ ਸ਼ਬਦ ਜੋੜ ਜੰਤੂ
**(The Amazing Spelling Fleas)**
ਵਿਆਕਾਰਣ, ਸ਼ਬਦ ਜੋੜ ਅਤੇ ਪੜਨ ਦੇ ਬੋਧ ਨਾਲ ਮਨੋਰੰਜਨ।
www.tvokids.com/games/amazingspellingfleas

### ਸ਼ਬਦ ਜੋੜ: ਅਗਿਆਤ ਸ਼ਬਦਾਂ ਦਾ ਜੋੜ

ਲੱਭੋ ਅਤੇ ਸ਼ਬਦ ਜੋੜ ਕਰੋ
**(Spot and Spell)**
ਸ਼ਬਦਾਂ ਦਾ ਸਹੀ ਜੋੜ ਕਰਨ ਦੀ ਕੋਸ਼ਿਸ਼ ਕਰੋ।
www.tvokids.com/games/spotandspell

ਲੱਭੋ ਅਤੇ ਸ਼ਬਦ ਜੋੜ ਕਰੋ
**(Reading Round-Up)**
ਪੜਨ ਦਾ ਘੇਰਾ tvokids.com ਤਰੀਕੇ ਨਾਲ ਸ਼ਬਦ ਖੋਜੋ!
www.tvokids.com/games/readingroundup

### ਪੜਨਾ: ਹਰ ਪੱਧਰ ਲਈ ਕਿਤਾਬਾਂ ਦੇ ਟਾਈਟਲ ਅਤੇ ਸਮੀਖਿਆ

ਟੰਬਲਾਊਨ ਰੀਡਜ਼ ਬੁੱਕ ਕਲੱਬ
**(Tumbletown Reads Book Club)**
ਬੱਚਿਆਂ ਦੁਆਰਾ ਲਿਖੇ ਗਏ ਪੁਸਤਕਾਂ ਦੀ ਸਮੀਖਿਆ ਪੜੋ।
www.tvokids.com/activities/tumbletownreadsbookclub

## ਜਿਉਂ ਤੁਹਾਡਾ ਬੱਚਾ ਵਧੇਰੇ ਧਾਰਾਪ੍ਰਵਾਹ ਪੜਨ ਅਤੇ ਸਾਫ ਲਿਖਣਾ ਸ਼ੁਰੂ ਕਰਦਾ ਹੈ

ਜਿਸ ਸੰਸਾਰ ਵਿੱਚ ਅਸੀਂ ਵਿਚਰਦੇ ਹਾਂ, ਉਸਨੂੰ ਸਮਝਣ ਲਈ ਪ੍ਰਿੰਟ ਅਤੇ ਹੋਰ ਮੀਡੀਆ ਵਿੱਚ ਲੁਕਵੇਂ ਸੁਨੇਹਿਆਂ ਨੂੰ ਜਾਚਣਾ ਅਤੇ ਵਿਚਾਰਨਾ *Critical literacy* (ਆਲੋਚਨਾਤਮਕ ਸਾਖਤਰਾ) ਹੈ। ਬੱਚੇ ਉਸ ਵੇਲੇ *Critical literacy* (ਆਲੋਚਨਾਤਮਕ ਸਾਖਤਰਾ) ਦਾ ਅਭਿਆਸ ਕਰਦੇ ਹਨ ਜਦੋਂ ਉਹ ਲਿਖਣ ਦੇ ਮਕਸਦ ਬਾਰੇ ਸੋਚਦੇ ਹਨ ਅਤੇ ਲੇਖਣੀ (ਇਸ ਵਿੱਚ ਕਿਤਾਬਾਂ, ਵੈੱਬਸਾਈਟਾਂ, ਰਿਸਾਲੇ, ਪੋਸਟਰ ਅਤੇ ਹੋਰ ਕਾਫੀ ਕੁੱਝ ਸ਼ਾਮਲ ਹੈ), ਕਿਵੇਂ ਵੱਖਰੇ ਖਿਆਲਾਂ, ਧਾਰਨਾਵਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਦਰਸਾਉਂਦੀ ਹੈ, ਬਾਰੇ ਗੱਲ ਕਰਦੇ ਹਨ। ਇਸ ਪੜਾਅ ਉੱਤੇ ਤੁਹਾਡਾ ਬੱਚਾ:

- ਵੱਖਰੀ ਕਿਸਮ ਦੀਆਂ ਲੇਖਣੀਆਂ ਨੂੰ ਵਧੇਰੇ ਦਰੁਸਤੀ ਅਤੇ ਤੇਜ਼ੀ ਅਤੇ ਹਾਵ-ਭਾਵ ਨਾਲ ਪੜਨ ਦੇ ਕਾਬਲ ਹੁੰਦਾ ਹੈ।
- ਆਪਣਾ ਖਿਆਲ ਅਤੇ ਮੱਤ ਦਰਸਾਉਣ ਲਈ (ਜਿਵੇਂ ਕਿ ਵੀਡੀਓ ਨੂੰ ਬਣਾਉਣਾ ਅਤੇ ਵੇਖਣਾ, ਬਲਾਗ ਲਿਖਣਾ (blogging) ਅਤੇ ਗਰਾਫਿਕ ਨਾਵਲ ਪੜਨਾ) ਪੜਨ, ਲਿਖਣ ਅਤੇ ਕਈ ਕਿਸਮ ਦੇ ਮੀਡੀਆ ਉਸਾਰਨ ਦੇ ਕਾਬਲ ਹੁੰਦਾ ਹੈ।
- ਪੜਨ ਅਤੇ ਲਿਖਣ ਦੇ ਸਮਾਜਿਕ ਪੱਖ ਵਿੱਚ ਰੁਚੀ ਰੱਖਦਾ ਹੈ ਅਤੇ ਜੋ ਲੇਖਣੀ ਉਹ ਪੜਨ ਲਈ ਚੁਣਦਾ/ਚੁਣਦੀ ਹੈ, ਉਸ ਬਾਰੇ ਖਿਆਲ ਸਾਂਝੇ ਕਰਨ ਦਾ ਆਨੰਦ ਮਾਣਦਾ ਹੈ (ਜਿਵੇਂ ਕਿ ਦੋਸਤਾਂ ਨਾਲ ਬਹਿਸ ਵਿੱਚ ਖਿਆਲ ਸਾਂਝੇ ਕਰਕੇ, ਸੋਸ਼ਲ ਮੀਡੀਆ ਦੀਆਂ ਸਾਈਟਾਂ ਉੱਤੇ ਅਤੇ ਤੁਰੰਤ ਮੈਸੇਜ ਭੇਜ ਕੇ (instant messaging)




ਪੜਨ ਅਤੇ ਲਿਖਣ ਦੇ ਮੀਲਪੱਥਰ ਕੁੱਝ ਮਨੋਰੰਜਕ ਚੀਜ਼ਾਂ ਕਰਨ ਲਈ **www.tvokids.com** ਉੱਤੇ ਜਾਓ ਅਤੇ ਇਹਨਾਂ ਸ਼ਾਨਦਾਰ ਖੇਡਾਂ ਲਈ 11 ਅਤੇ ਘੱਟ ਉਮਰ ਉੱਤੇ ਕਲਿੱਕ ਕਰੋ।

### ਸ਼ਬਦ ਮਨਪ੍ਰਚਾਵਾ: ਸ਼ਬਦ ਜੋੜ ਬੋਧ, ਸ਼ਬਦ ਦੀਆਂ ਖੇਡਾਂ

ਹੈਰਾਨੀਜਨਕ ਸ਼ਬਦ ਜੋੜ ਜੰਤੂ
**(The Amazing Spelling Fleas)**
ਵਿਆਕਾਰਣ, ਸ਼ਬਦ ਜੋੜ ਅਤੇ ਪੜਨ ਦੇ ਬੋਧ ਨਾਲ ਮਨੋਰੰਜਨ।
www.tvokids.com/games/amazingspellingfleas

### ਸ਼ਬਦ ਜੋੜ: ਅਗਿਆਤ ਸ਼ਬਦਾਂ ਦਾ ਜੋੜ

ਲੱਭੋ ਅਤੇ ਸ਼ਬਦ ਜੋੜ ਕਰੋ
**(Spot and Spell)**
ਸ਼ਬਦਾਂ ਦਾ ਸਹੀ ਜੋੜ ਕਰਨ ਦੀ ਕੋਸ਼ਿਸ਼ ਕਰੋ।
www.tvokids.com/games/spotandspell

ਲੱਭੋ ਅਤੇ ਸ਼ਬਦ ਜੋੜ ਕਰੋ
**(Reading Round-Up)**
ਪੜਨ ਦਾ ਘੇਰਾ tvokids.com ਤਰੀਕੇ ਨਾਲ ਸ਼ਬਦ ਖੋਜੋ!
www.tvokids.com/games/readingroundup

### ਪੜਨਾ: ਹਰ ਪੱਧਰ ਲਈ ਕਿਤਾਬਾਂ ਦੇ ਟਾਈਟਲ ਅਤੇ ਸਮੀਖਿਆ

ਟੰਬਲਾਉਨ ਰੀਡਜ਼ ਬੁੱਕ ਕਲੱਬ
**(Tumbletown Reads Book Club)**
ਬੱਚਿਆਂ ਦੁਆਰਾ ਲਿਖੇ ਗਏ ਪੁਸਤਕਾਂ ਦੀ ਸਮੀਖਿਆ ਪੜੋ।
www.tvokids.com/activities/tumbletownreadsbookclub

## ਨੁਕਤਾ ਇੱਕ ਆਪਣੇ ਬੱਚੇ ਨਾਲ ਗੱਲ ਕਰੋ

> ਸਿੱਖਣਾ ਸੁਣਨ ਦਾ ਨਤੀਜਾ ਹੈ, ਜੋ ਅੱਗੇ ਜਾ ਕੇ ਦੂਸਰੇ ਵਿਅਕਤੀ ਨੂੰ ਵਧੇਰੇ ਚੰਗੇ ਤਰੀਕੇ ਸੁਣਨ ਅਤੇ ਧਿਆਨ ਦੇਣ ਵਿੱਚ ਸਹਾਈ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ, ਬੱਚੇ ਤੋਂ ਸਿੱਖਣ ਲਈ, ਸਾਡੇ ਕੋਲ ਹਮਦਰਦੀ ਹੋਣੀ ਚਾਹੀਦੀ ਹੈ ਅਤੇ ਜਿਵੇਂ ਜਿਵੇਂ ਅਸੀਂ ਸਿੱਖਦੇ ਹਾਂ ਹਮਦਰਦੀ ਵੱਧਦੀ ਹੈ।
>
> **Alice Miller, 2002**
> *For Your Own Good*

ਇਹ ਸੁਭਾਵਿਕ ਜਾਪ ਸਕਦਾ ਹੈ, ਪ੍ਰਤੂੰ ਇਹ ਮਹੱਤਵਪੂਰਣ ਹੈ ਕਿ ਜਿਉਂ ਤੁਸੀਂ ਬੱਚੇ ਨਾਲ ਗੱਲ ਕਰਦੇ ਹੋ ਤਾਂ ਉਸਨੂੰ ਸੁਣੋ। ਬੱਚੇ ਪੜਨ ਅਤੇ ਲਿਖਣ ਦੇ ਹੁਨਰ ਗੱਲਬਾਤ ਅਤੇ ਸੁਣਣ ਦੁਆਰਾ ਵਿਕਸਤ ਕਰਦੇ ਹਨ।ਸ਼ਬਦ ਕਿਵੇਂ ਕੰਮ ਕਰਦੇ ਹਨ, ਇਹ ਸਿੱਖਣ ਵਿੱਚ ਤੁਸੀਂ ਆਪਣੇ ਬੱਚੇ ਦੀ ਮੱਦਦ ਕਰਦੇ ਹੋ ਜਦੋਂ ਤੁਸੀਂ:

- ਛਾਪੇ ਹੋਏ ਸ਼ਬਦਾਂ ਨੂੰ ਆਵਾਜ਼ ਰਾਹੀਂ ਬੋਲੋ, ਜਿਵੇਂ ਕਿ ਗਲੀ ਵਿੱਚ ਲੱਗੇ ਸਾਈਨ
- ਤੁਸੀਂ ਸ਼ਬਦਾਂ ਦੀ ਖੇਡ ਗਾਉਂਦੇ ਹੋ ਜਿਸ ਵਿੱਚ ਤੁਹਾਡਾ ਬੱਚਾ ਸ਼ੁਰੂਆਤੀ ਆਵਾਜ਼ਾ ਨੂੰ ਨਵੇਂ, ਮਨੋਰੰਜਕ ਸ਼ਬਦਾਂ ਨਾਲ ਬਦਲਦਾ ਹੈ।
- ਉਹਨਾਂ ਅੱਖਰਾਂ ਨੂੰ ਵਰਤ ਕੇ ਨਵੇਂ ਸ਼ਬਦ ਜੋੜ ਘੜਦੇ ਹੋ ਜਿਹਨਾਂ ਨੂੰ ਤੁਹਾਡਾ ਬੱਚਾ ਨਵੇਂ ਸ਼ਬਦ ਜੋੜਨ ਲਈ ਜਾਣਦਾ ਹੈ।

ਗੱਲਬਾਤ ਤੁਹਾਡੇ ਬੱਚੇ ਦੀ ਨਵੀਂ ਚੀਜ਼ਾਂ ਸਮਝਣ ਦੀ ਸਮਰੱਥਾ ਨੂੰ ਵਧਾਉਂਦੀ ਹੈ। ਇਸ ਤਰਾਂ ਦੀ ਗੱਲਬਾਤ ਤੁਹਾਡੇ ਬੱਚੇ ਨੂੰ ਕੁੱਝ ਦੱਸਣ (ਜਿਵੇਂ ਕਿ, "ਇਹ ਤੁਹਾਡਾ ਦੰਦ ਬਰੱਸ਼ ਕਰਨ ਦਾ ਸਮਾਂ ਹੈ" ਜਾਂ ਰਾਤ ਦੇ ਖਾਣੇ ਤੋਂ ਪਹਿਲਾਂ ਆਪਣੇ ਹੱਥ ਸਾਫ ਕਰੋ") ਤੋਂ ਅੱਗੇ ਉਸ ਨਾਲ ਵਾਰਤਾਲਾਪ ਪੈਦਾ ਕਰਦੀ ਹੈ। ਇਸ ਤਰਾਂ ਦੀ ਗੱਲਬਾਤ ਨੂੰ ਘਰ ਵਿੱਚ ਕਰਨ ਦੇ ਇੱਥੇ ਕੁੱਝ ਤਰੀਕੇ ਹਨ :

- **ਆਪਣੇ ਬੱਚੇ ਨਾਲ ਮੁਸ਼ਕਲਾਂ ਅਤੇ ਹੱਲਾਂ ਬਾਰੇ ਗੱਲ ਕਰੋ।** ਆਪਣੇ ਬੱਚੇ ਨਾਲ ਗੱਲ ਕਰੋ ਕਿ ਨਿੱਤ ਦਿਨ ਦੀਆਂ ਮੁਸ਼ਕਲਾਂ ਨੂੰ ਕਿਵੇਂ ਨੱਜਿਠਿਆ ਜਾ ਸਕਦਾ ਹੈ ਜਿਵੇਂ ਕਿ ਰਾਤ ਦਾ ਖਾਣਾ ਤਿਆਰ ਕਰਨ ਲਈ ਸਮਾਂ ਕੱਢਣਾ, ਤਾਂ ਜੋ ਤੁਸੀਂ ਮਨਪੰਸਦ ਮੂਵੀ ਵੇਖਣ ਲਈ ਤਿਆਰ ਹੋਵੋਗੇ ਜਾਂ ਇੱਕਠੇ ਆਨਲਾਈਨ ਜਾਵੋਗੇ।

# ਮਾਪਿਆਂ ਲਈ ਸਾਖਰਤਾ ਦੇ ਚਾਰ ਉੱਚ ਪੱਧਰੀ ਨੁਕਤੇ

- ਯਕੀਨੀ ਬਣਾਓ ਕਿ ਤੁਹਾਡੇ ਬੱਚੇ ਕੋਲ ਸੁਣਨ ਦਾ ਸਮਾਂ ਹੈ। ਕਈ ਵਾਰ ਇਹ ਸੋਚਣ ਲਈ ਸਮਾਂ ਲੱਗਦਾ ਹੈ ਕਿ ਅੱਗੇ ਕੀ ਬੋਲਣਾ ਹੈ। ਇਸ ਗੱਲ ਦੀ ਉਡੀਕ ਕਰਨ ਲਈ ਤਿਆਰ ਰਹੋ ਕਿ ਬੱਚੇ ਨੇ ਅੱਗੇ ਕੀ ਆਖਣਾ ਹੈ। ਜੇਕਰ ਉਹ ਆਖਦਾ/ਆਖਦੀ ਹੈ, "ਮੈਂ ਨਹੀਂ ਜਾਣਦਾ/ਜਾਣਦੀ ਕਿ ਮੈਂ ਕੀ ਸੋਚਦਾ/ਸੋਚਦੀ ਹਾਂ", ਬਿਹਤਰ ਜਵਾਬ ਦੀ ਉਡੀਕ ਕਰੋ- ਕੋਈ ਨਾ ਕੋਈ ਗੱਲ ਕਿਤੇ ਜਰੂਰ ਹੈ।

- ਆਪਣੇ ਬੱਚੇ ਨਾਲ ਉਸਦੀ ਪਹਿਲੀ ਬੋਲੀ ਵਿੱਚ ਗੱਲ ਕਰੋ। ਬੱਚੇ ਆਪਣੇ ਗਿਆਨ ਨੂੰ ਇੱਕ ਬੋਲੀ ਤੋਂ ਦੂਜੀ ਬੋਲੀ ਵਿੱਚ ਬਹੁਤ ਚੰਗੇ ਤਰੀਕੇ ਬਦਲਦੇ ਹਨ। ਤੁਹਾਡੀ ਪਹਿਲੀ ਭਾਸ਼ਾ ਵਿੱਚ ਗੱਲ ਕਰਨਾ ਤੁਹਾਡੇ ਬੱਚੇ ਨੂੰ ਅੰਗਰੇਜ਼ੀ ਅਤੇ ਫਰੈਂਚ ਅਤੇ ਹੋਰ ਭਾਸ਼ਾਵਾਂ ਸਿੱਖਣ ਵਿੱਚ ਮੱਦਦ ਕਰੇਗਾ। ਇਸ ਨਾਲ ਤੁਹਾਡੇ ਬੱਚੇ ਨੂੰ ਉਸਦੇ ਆਪਣੇ ਸੱਭਿਆਚਾਰਕ ਇਤਿਹਾਸ ਬਾਰੇ ਵਧੇਰੇ ਜਾਨਣ ਵਿੱਚ ਵੀ ਮੱਦਦ ਕਰੇਗਾ।

- ਉਹ ਸੁਆਲ ਪੁੱਛੋ ਜੋ ਤੁਹਾਡੇ ਬੱਚੇ ਨੂੰ ਉਸਦੇ ਖਿਆਲਾਂ ਬਾਰੇ ਗੱਲ ਕਰਨ ਲਈ ਉਤਸ਼ਾਹਿਤ ਕਰਨਗੇ। ਆਪਣੇ ਬੱਚੇ ਨੂੰ ਕੁੱਝ ਦੱਸਣ ਦੀ ਥਾਂ, ਉਹ ਸੁਆਲ ਪੁੱਛਣ ਦੀ ਕੋਸ਼ਿਸ਼ ਕਰੋ ਜੋ ਤੁਹਾਡੇ ਬੱਚੇ ਨੂੰ ਉਸ ਬਾਰੇ ਗੱਲ ਕਰਨ ਵੱਲ ਲਿਜਾਵੇਗਾ ਕਿ ਉਹ ਕੀ ਸੋਚਦਾ ਹੈ। ਮਿਸਾਲ ਵਜੋਂ, ਆਪਣੇ ਬੱਚੇ ਨੂੰ ਇਹ ਦੱਸਣ ਦੀ ਥਾਂ ਕਿ ਤੁਸੀਂ ਇੱਕ ਪਰਿਵਾਰਕ ਸਮਾਗਮ ਕਿਵੇਂ ਮਨਾਉਣ ਜਾ ਰਹੇ ਹੋ, ਇੱਕ ਯੋਜਨਾ ਬਣਾਉਣ ਲਈ ਸੁਝਾਅ ਪੁੱਛੋ। (ਉਸਾਰੂਪਣ ਅਤੇ ਆਪਣੇ ਬੱਚੇ ਨੂੰ ਯੋਜਨਾ ਦੀ ਪਾਲਣਾ ਕਰਨ ਵਿੱਚ ਮੱਦਦ ਕਰਨ ਲਈ ਤਿਆਰ ਰਹੋ!) ਬੱਚੇ ਨੂੰ ਉੱਚੀ ਪੜਦੇ ਹੋਏ ਸੁਣਨਾ ਅਤੇ ਉਹਨਾਂ ਲਈ ਉਸ ਵੇਲੇ ਵੀ ਪੜਨਾ ਜਦੋਂ ਉਹ ਸੁਤੰਤਰ, ਧਾਰਾ ਪਰਵਾਹ ਪੜਨ ਵਾਲੇ ਹੋ ਗਏ, ਦੋਵੇਂ ਗੱਲਾਂ ਮਹੱਤਵਪੂਰਣ ਹਨ। ਇੱਕਠੇ ਪੜਨ ਦੇ ਕਈ ਤਰੀਕੇ ਹਨ: ਪੰਨਿਆਂ ਨੂੰ ਵਾਰੀ ਵਾਰੀ ਪੜਨਾ, ਇੱਕਠੇ ਇੱਕ ਆਵਾਜ਼ ਵਿੱਚ ਪੜਨਾ ਅਤੇ ਪੂਰੇ ਪੜਨ ਸਮੇਂ ਦੌਰਾਨ ਗੱਲ ਕਰਨ ਲਈ ਰੁਕਣਾ। ਬੱਚੇ ਆਪਣੇ ਮਨਪਸੰਦ ਵਿਸ਼ਿਆਂ ਬਾਰੇ ਕਿਤਾਬਾਂ ਚੁਣਦੇ ਹਨ ਅਤੇ ਤੁਹਾਡੀ ਉਸੇ ਕਿਤਾਬ ਵਿੱਚ ਰੁਚੀ ਗੱਲਬਾਤ ਨੂੰ ਗਹਿਰੀ ਬਣਾਵੇਗੀ ਜੋ ਗੱਲਬਾਤ ਅਤੇ ਸੁਣਨ ਦੇ ਹੁਨਰਾਂ ਨੂੰ ਨਿਖਾਰੇਗੀ।

ਜੇਕਰ ਤੁਸੀਂ ਰੁਕ ਗਏ ਹੋ, ਤਾਂ ਵਾਰਤਾਲਾਪ ਨੂੰ ਜਾਰੀ ਰੱਖਣ ਲਈ ਇੱਥੇ ਕੁੱਝ "ਟਅਲਕ ਸਟਅਰਟਏਰਸ" (ਗੱਲਾਂ ਦੇ ਬਾਨ੍ਹਣੂੰ) ਹਨ:

- ਤੁਸੀਂ ਇਸ ਬਾਰੇ ਕੀ ਨੋਟਿਸ ਕੀਤਾ...
- ਤੁਸੀਂ ਹੋਰ ਕੀ ਕਰ ਸਕਦੇ ਸੀ......
- ਤੁਸੀਂ ਕੀ ਕਰੋਗੇ ਜੇਕਰ......
- ਕੀ ਹੋਵੇਗਾ ਜੇਕਰ......
- ਤੁਸੀਂ ਇਹ ਕਿਵੇਂ ਜਾਣਦੇ ਹੋ?
- ਮੈਨੂੰ ਇਸ ਬਾਰੇ ਯਕੀਨ ਦੁਆਓ!

ਜਿਉਂ ਤੁਸੀਂ ਸੁਣਦੇ ਹੋ

- ਜੇਕਰ ਕਿਤਾਬ ਪੜੀ ਜਾ ਰਹੀ ਹੈ, ਆਪਣੇ ਬੱਚੇ ਨੂੰ ਉਤਸਕਤਾ ਨਾਲ ਅਤੇ ਸੁਆਲ ਪੁੱਛ ਕੇ ਦਰਸਾਓ ਕਿ ਤੁਸੀਂ ਪੁਸਤਕ ਦਾ ਆਨੰਦ ਮਾਣ ਰਹੇ ਹੋ।
- ਜੋ ਉਹ ਪਹਿਲਾਂ ਹੀ ਜਾਣਦਾ/ਜਾਣਦੀ ਹੈ, ਉਸ ਨਾਲ ਕੜੀ ਬਣਾਓ।
- ਜੋ ਤੁਸੀਂ ਸੁਣ ਰਹੇ ਹੋ ਉਸਨੂੰ ਬਦਲਵੇਂ ਸ਼ਬਦਾਂ ਵਿੱਚ ਆਖੋ
- ਧੀਰਜ ਰੱਖੋ। ਯਕੀਨੀ ਬਣਾਓ ਕਿ ਉਲਝਾਉ ਸ਼ਬਦਾਂ ਨੂੰ ਸਮਝਣ ਲਈ ਤੁਹਾਡੇ ਬੱਚੇ ਕੋਲ ਸਹੀ ਢੁੱਕਵਾਂ ਸਮਾਂ ਹੈ।
- ਪੜਨ ਤੋਂ ਬਾਅਦ, ਪੁਸਤਕ ਦੇ ਰੋਚਕ ਅਤੇ ਗੁੰਝਲਦਾਰ ਹਿੱਸਿਆਂ ਬਾਰੇ ਗੱਲ ਕਰੋ।

## ਨੁਕਤਾ ਦੋ ਸਮਝ ਦੀਆਂ ਆਦਤਾਂ ਪੈਦਾ ਕਰੋ

> ਮਾਪਿਆਂ ਲਈ ਸਾਖਰਤਾ ਦੇ ਚਾਰ ਉੱਚ ਪੱਧਰੀ ਨੁਕਤੇ ਜਿੰਨਾ ਵਧੇਰੇ ਤੁਸੀਂ ਪੜਦੇ ਹੋ, ਵਧੇਰੇ ਚੀਜ਼ਾਂ ਤੁਸੀਂ ਜਾਣੋਗੇ ਜਿੰਨਾ ਵਧੇਰੇ ਤੁਸੀਂ ਸਿੱਖੋਗੇ, ਜਿਆਦਾ ਸਥਾਨਾਂ ਉੱਤੇ ਤੁਸੀਂ ਜਾਵੋਗੇ
>
> **Dr. Seuss, 1978**
> *I Can Read with My Eyes Shut!*

ਤੁਸੀਂ ਪੜਨ ਰਾਹੀਂ ਆਪਣੇ ਬੱਚੇ ਨੂੰ ਉਸ ਬਾਰੇ ਅਤੇ ਸੰਸਾਰ ਬਾਰੇ ਜਾਨਣ ਵਿੱਚ ਮੱਦਦ ਕਰ ਸਕਦੇ ਹੋ – ਜਿਸਨੂੰ ਅਧਿਆਪਕ "ਸਮਝਦਾਰੀ ਰਾਹੀ ਪੜਨਾ" ਆਖਦੇ ਹਨ- ਕੁੱਝ ਯੋਜਨਾਵਾਂ ਨੂੰ ਵਰਤਣ ਦੀ ਕੋਸ਼ਿਸ਼ ਕਰਦੇ ਹੋਏ, ਜਿਵੇਂ ਕਿ:

- ਸੁਆਲ ਪੁੱਛਕੇ: ਜਦੋਂ ਆਪਣੇ ਬੱਚੇ ਨਾਲ ਪੜਦੇ ਹੋ, ਅਜਿਹੇ ਸੁਆਲ ਪੁੱਛੋ ਜਿਵੇਂ "ਇਹ ਕਿਉਂ ਵਾਪਰ ਰਿਹਾ ਹੈ?"; "ਅੱਗੇ ਕੀ ਵਾਪਰ ਸਕਦਾ ਹੈ"; "ਕੀ ਇਸਦਾ ਕੋਈ ਅਰਥ ਬਣਦਾ ਹੈ?; ਜਾਂ "ਕੀ ਇਹ ਸਹੀ ਸੀ ਜਦੋਂ......? ਅਜਿਹੇ ਸੁਆਲ ਬੱਚੇ ਨੂੰ ਕਹਾਣੀ ਦੇ ਹਿੱਸਿਆਂ ਨਾਲ ਸਬੰਧ ਬਣਾਉਣ ਵਿੱਚ ਮੱਦਦ ਕਰਦੇ ਹਨ।

- "ਸੰਦਰਭ ਬਾਰੇ ਸਮਝਣਾ" ("between the lines) ਪੜਨਾ ਅਰਥ ਕੱਢਣ ਲਈ- ਉਹ ਅਰਥ ਲੱਭਣ ਲਈ ਜੋ ਸਿੱਧੇ ਤੌਰ ਉੱਤੇ ਦਰਸਾਏ ਨਹੀਂ ਗਏ- ਤੁਹਾਡੇ ਬੱਚੇ ਨੂੰ ਕਹਾਣੀ ਵਿੱਚ ਦਿੱਤੀ ਗਈ ਜਾਣਕਾਰੀ ਅਤੇ ਆਪਣੇ ਗਿਆਨ ਅਤੇ ਤਜੁਰਬੇ ਨੂੰ ਵਰਤਣਾ ਸਿੱਖਣ ਦੀ ਲੋੜ ਹੈ। ਇਸ "ਸੰਦਰਭ ਬਾਰੇ ਸਮਝਣਾ" ਪੜਨ ਦੀ ਰਣਨੀਤੀ ਵਿੱਚ ਅਰਥ "ਪੈਦਾ ਕਰਨ" ਲਈ ਸੁਰਾਗਾਂ ਨੂੰ ਲੱਭਣਾ ਅਤੇ ਉਹਨਾਂ ਨੂੰ ਵਰਤਣਾ ਸ਼ਾਮਲ ਹੈ।

- ਸੱਭ ਕੁੱਝ ਇੱਕਤਰ ਕਰਨਾ: ਤੁਸੀਂ ਆਪਣੇ ਬੱਚੇ ਨੂੰ ਜੋ ਉਸਨੇ ਸਾਰੀ ਜਾਣਕਾਰੀ ਪੜੀ ਹੈ, ਉਸ ਬਾਰੇ ਗੱਲ ਕਰਕੇ, ਅਹਿਮ ਨੁਕਤਿਆਂ ਦਾ ਸੰਖੇਪ ਬਣਾ ਕੇ ਅਤੇ ਇਹਨਾਂ ਨੁਕਤਿਆਂ ਨੂੰ ਇੱਕ ਬੁਝਾਰਤ ਦੇ ਟੁਕੜਿਆਂ ਵਾਂਗੂੰ ਇੱਕਠਾ ਕਰਕੇ ਸਾਰਾ ਕੁੱਝ ਇੱਕਤਰ ਕਰਨ ਵਿੱਚ ਮੱਦਦ ਕਰ ਸਕਦੇ ਹੋ।

- ਔਖੇ ਸ਼ਬਦਾਂ ਨੂੰ ਘੋਖਣਾ: ਆਪਣੇ ਬੱਚੇ ਨੂੰ ਗਲਤੀ ਪਹਿਚਾਨਣ ਦੀ ਜਾਂ ਇਹ ਜਾਨਣ ਦੀ ਆਗਿਆ ਦਿਓ ਕਿ ਇੱਕ ਸ਼ਬਦ ਕੀ ਹੋ ਸਕਦਾ ਹੈ। ਜੇਕਰ ਇੱਕ ਗਲਤੀ ਅਰਥ ਨੂੰ ਪ੍ਰਭਾਵਿਤ ਨਹੀਂ ਕਰਦੀ, ਇਸਨੂੰ ਹੋ ਜਾਣ ਦਿਓ। ਉਸ ਸ਼ਬਦ ਨੂੰਪਹਿਚਾਨਣ ਵਿੱਚ ਤੁਹਾਡਾ ਬੱਚਾ ਕਈ ਤਰੀਕੇ ਵਰਤ ਸਕਦਾ ਹੈ ਜਿਸਨੂੰ ਉਹ ਜਾਣਦਾ/ਜਾਣਦੀ ਨਹੀਂ:

  - ਸ਼ਬਦ ਦੀ ਆਵਾਜ਼ ਕੱਢੋ
  - ਤਸਵੀਰਾਂ ਨੂੰ ਵੇਖੋ
  - ਸ਼ਬਦ ਨੂੰ ਛੋਟੇ ਹਿੱਸਿਆਂ ਵਿੱਚ ਵੰਡੋ
  - ਔਖੇ ਸ਼ਬਦ ਤੋਂ ਪਹਿਲਾਂ ਅਤੇ ਬਾਅਦ ਵਿੱਚ ਸ਼ਬਦਾਂ ਨੂੰ ਦੁਬਾਰਾ ਪੜੋ
  - ਵਕਤੀ ਤੌਰ ਉੱਤੇ ਸ਼ਬਦ ਨੂੰ ਛੱਡ ਦਿਓ ਅਤੇ ਅੱਗੇ ਪੜਦੇ ਜਾਓ
  - ਸਮਝ ਨੂੰ ਚੈੱਕ ਕਰਨ ਲਈ ਹੁਣ ਤੱਕ ਕੀ ਪੜਿਆ ਹੈ, ਉਸ ਬਾਰੇ ਗੱਲ ਕਰੋ।
  - ਕਿਸੇ ਭਰਾ ਜਾਂ ਭੈਣ ਨੂੰ ਜਵਾਬ ਦੇਣ ਲਈ ਪੁੱਛੋ।

# ਮਾਪਿਆਂ ਲਈ ਸਾਖਰਤਾ ਦੇ ਚਾਰ ਉੱਚ ਪੱਧਰੀ ਨੁਕਤੇ

ਤੁਹਾਡਾ ਬੱਚਾ ਇੱਕ ਮੀਡੀਆ ਦੀ ਭਰਮਾਰ, ਤਕਨਾਲੋਜੀ ਭਰੇ ਸੰਸਾਰ ਵਿੱਚ ਵੱਡਾ ਹੋ ਰਿਹਾ ਹੈ। ਸਮਾਜ ਵਿੱਚ ਤਬਦੀਲੀਆਂ ਐਨੀ ਤੇਜੀ ਨਾਲ ਹੋ ਰਹੀਆਂ ਹਨ ਕਿ ਬੱਚਿਆਂ ਨੂੰ ਪ੍ਰਿੰਟ ਅਤੇ ਹੋਰ ਮੀਡੀਆ ਵਿੱਚ ਮਿਲਦੇ ਗੁੱਝੇ ਸੁਨੇਹਿਆਂ ਬਾਰੇ ਸੋਚਣ ਲਈ ਸਮਾਂ ਚਾਹੀਦਾ ਹੈ। ਇੱਥੇ ਕੁੱਝ ਤਰੀਕੇ ਹਨ ਜੋ ਆਲੋਚਨਾਤਮਕ ਸਾਖਰਤਾ ਹੁਨਰ ਪੈਦਾ ਕਰਨ ਵਿੱਚ ਸਹਾਈ ਹੋ ਸਕਦੇ ਹਨ:

- ਆਪਣੇ ਬੱਚੇ ਨੂੰ ਵਕਤਾ ਦਾ ਨਜ਼ਰੀਆ ਜਾਂ ਪੱਖ ਸਮਝਣ ਵਿੱਚ ਮੱਦਦ ਕਰੋ।
- ਸੁਨੇਹੇ ਦੀ ਨਿਰਪੱਖਤਾ ਬਾਰੇ ਚਰਚਾ ਕਰੋ ਅਤੇ ਗਾਇਬ ਜਾਣਕਾਰੀ ਦੇ ਗਲਤ ਪ੍ਰਭਾਵਾਂ ਨੂੰ ਲੱਭੋ।
- ਗੱਲ ਕਰੋ ਕਿ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਭਾਸ਼ਾ ਨੂੰ ਕਿਵੇਂ ਵਰਤਿਆ ਜਾਂਦਾ ਹੈ- ਮਿਸਾਲ ਵਜੋਂ, ਇਸ਼ਤਿਹਾਰਬਾਜ਼ੀ ਵਿੱਚ ਤਾਕਤਸ਼ਾਲੀ ਭਾਸ਼ਾਂ ਦੇ ਪ੍ਰਭਾਵਾਂ ਬਾਰੇ ਗੱਲ ਕਰੋ।
- ਆਪਣੇ ਬੱਚੇ ਨੂੰ ਪੁੱਛੋ ਕਿ ਕੀ ਉਸਨੇ ਕੁੱਝ ਨਵਾਂ ਸਿੱਖਿਆ ਹੈ ਜੋ ਨਵੇਂ ਸੁਆਲ ਖੜੇ ਕਰਦਾ ਹੈ। ਕੀ ਇਹ ਉਸ ਸੋਚ ਨੂੰ ਬਦਲਦਾ ਹੈ ਜੋ ਸੋਚ ਬੱਚਾ ਇਸ ਵਿਸ਼ੇ ਬਾਰੇ ਰੱਖਦਾ ਹੈ? ਜੇਕਰ ਇਹ ਸਹੀ ਹੈ ਤਾਂ ਉਹ ਇਸ ਬਾਰੇ ਕਿਵੇਂ ਪਤਾ ਲਾ ਸਕਦਾ ਹੈ?

ਆਪਣੇ ਬੱਚੇ ਨੂੰ ਆਲੋਚਨਾਮਕ ਤਰੀਕੇ ਨਾਲ ਪੜ੍ਹਨ ਲਈ ਉਤਸ਼ਾਹਿਤ ਕਰਨ ਲਈ ਸੁਆਲ ਪੁੱਛੋ:

- ਇਹ ਪੁਸਤਕ ਕਿਸ ਬਾਬਤ ਹੈ? ਤੁਸੀਂ ਇਸ ਨੂੰ ਪੜ੍ਹਨ ਵਿੱਚ ਰੁਚੀ ਕਿਉਂ ਰੱਖਦੇ ਹੋ?
- ਇਸ ਖਬਰ ਦਾ ਲੇਖਕ ਕੀ ਚਾਹੁੰਦਾ ਹੈ ਕਿ ਅਸੀਂ ਕੀ ਜਾਣੀਏ ਜਾਂ ਸੋਚੀਏ?
- ਕੀ ਲੇਖਕ ਸਾਨੂੰ ਕਿਸੇ ਚੀਜ਼ ਵਿੱਚ ਯਕੀਨ ਕਰਵਾਉਣਾ ਚਾਹੁੰਦਾ ਹੈ?
- ਮੈਗਜ਼ੀਨ ਦਾ ਪ੍ਰਸੰਗ ਬੱਚਿਆਂ, ਕਿਸ਼ੋਰਾ ਅਤੇ ਮਾਪਿਆਂ ਬਾਰੇ ਕੀ ਦਰਸਾਉਂਦਾ ਹੈ ?
- ਲੇਖਕ ਨੇ ਸੁਨੇਹਾ ਦੇਣ ਲਈ ਸ਼ਬਦ ਅਤੇ ਪ੍ਰਤੀਬਿੰਬਾਂ ਨੂੰ ਕਿਸ ਤਰੀਕੇ ਵਰਤਿਆ ਹੈ?



## ਨੁਕਤਾ ਤਿੰਨ ਹਰ ਰੋਜ਼ ਪੜ੍ਹੋ

> ਮਾਪਿਆਂ ਲਈ ਸਾਖਰਤਾ ਦੇ ਚਾਰ ਉੱਚ ਪੱਧਰੀ ਨੁਕਤੇ... ਮੇਰੇ ਆਦਰਸ਼ ਰਾਜ ਵਿੱਚ ਬੱਚੇ ਸਕੂਲ ਆਉਣ ਤੋਂ ਕਾਫੀ ਸਮਾਂ ਪਹਿਲਾਂ ਸੌਖ ਨਾਲ ਪੜ੍ਹਨਾ ਸਿੱਖਣਗੇ...ਸੋ ਕ੍ਰਿਪਾ ਕਰਕੇ, ਮੈਂ ਤੁਹਾਨੂੰ ਤੁਹਾਡੇ ਬੱਚਿਆਂ ਲਈ ਉੱਚੀ ਆਵਾਜ਼ ਵਿੱਚ ਉੱਤਮ ਪੁਸਤਕਾਂ ਪੜ੍ਹਨ ਦੀ ਬੇਨਤੀ ਕਰਦਾ ਹਾਂ! ਉਸ ਦਿਨ ਸ਼ੁਰੂ ਕਰੋ ਜਿਸ ਦਿਨ ਉਹ ਪੈਦਾ ਹੁੰਦੇ ਹਨ।

**Mem Fox, 2005**
"If I Were Queen of the World"

ਆਪਣੇ ਬੱਚੇ ਨਾਲ ਹਰ ਰੋਜ਼ ਪੜ੍ਹੋ। ਪਰਿਵਾਰ ਦੇ ਸਾਰੇ ਮੈਂਬਰ ਮੱਦਦ ਕਰ ਸਕਦੇ ਹਨ। (ਇਹ ਨਾਸ਼ਤੇ ਵਾਗੂੰ ਹੈ- ਇਸ ਨੂੰ ਛੱਡਿਆ ਨਹੀਂ ਜਾਣਾ ਚਾਹੀਦਾ!) ਇਹ ਇੱਕਲੀ ਸੱਭ ਤੋਂ ਮਹੱਤਵਪੂਰਣ ਚੀਜ਼ ਹੈ ਜੋ ਤੁਸੀਂ ਆਪਣੇ ਬੱਚੇ ਨੂੰ ਪੜ੍ਹਨ ਅਤੇ ਲਿਖਣ ਅਤੇ ਸਕੂਲ ਵਿੱਚ ਸਫਲ ਹੋਣ ਵਿੱਚ ਮੱਦਦ ਕਰਨ ਲਈ ਕਰ ਸਕਦੇ ਹੋ। ਜਿਹਨਾਂ ਬੱਚਿਆਂ ਨੂੰ ਛੋਟੇ ਹੁੰਦੇ ਪੜ੍ਹ ਕੇ ਸੁਣਾਇਆ ਜਾਂਦਾ ਹੈ, ਜਦੋਂ ਉਹ ਵੱਡੇ ਹੁੰਦੇ ਹਨ ਤਾਂ ਉਹਨਾਂ ਵਿੱਚ ਪੜ੍ਹਨ ਨੂੰ ਪਿਆਰ ਕਰਨ ਅਤੇ ਚੰਗੇ ਪਾਠਕ ਬਣਨ ਦੀ ਵਧੇਰੇ ਸੰਭਾਵਨਾ ਹੈ।

ਜਦੋਂ ਬੱਚਾ ਛੋਟਾ ਹੈ, ਉਸ ਵੇਲੇ ਪੜ੍ਹਨਾ ਸ਼ੁਰੂ ਕਰੋ। ਇਸਦਾ ਕੋਈ ਘਾਟਾ ਨਹੀ!

ਤੁਸੀਂ ਆਪਣੇ ਬੱਚੇ ਦੇ ਸੱਭ ਤੋਂ ਮਹੱਤਵਪੂਰਣ ਪੜ੍ਹਨ ਵਾਲੇ ਰੋਲ ਮਾਡਲ ਹੋ, ਸੋ ਇਹ ਯਕੀਨੀ ਬਣਾਓ ਕਿ ਬੱਚਾ ਤੁਹਾਨੂੰ ਆਪਣੇ ਮੰਤਵ ਲਈ ਪੜ੍ਹਦੇ ਅਤੇ ਲਿਖਦੇ ਹੋਏ ਵੇਖਦਾ ਹੈ। (ਇਹ ਜਰੂਰੀ ਨਹੀਂ ਕਿ ਮਹਾਨ ਕੈਨੇਡੀਅਨ ਨਾਵਲ ਲਿਖਿਆ ਜਾਵੇ- ਇਹ ਇੱਕ ਦੋਸਤ ਕੋਲੋਂ ਆਈ ਈ ਮੇਲ ਹੋ ਸਕਦੀ ਹੈ ਜੋ ਹੁਣ ਦੂਰ ਰਹਿਣ ਚਲਾ ਗਿਆ ਹੈ) ਤੁਹਾਡੇ ਬੱਚੇ ਦੇ ਪਹਿਲੇ ਅਧਿਆਪਕ ਅਤੇ ਰੋਲ ਮਾਡਲ ਵਜੋਂ, ਤੁਹਾਡੀ ਸ਼ਮੂਲੀਅਤ ਅਤੇ ਮੱਦਦ ਜੀਵਨ ਭਰ ਦੇ ਰਵਈਏ ਅਤੇ ਰੁਚੀਆਂ, ਅਤੇ ਪੜ੍ਹਨ ਅਤੇ ਲਿਖਣ ਵਿੱਚ ਪ੍ਰਾਪਤੀਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਇੱਥੇ ਕੁੱਝ ਪੜ੍ਹਨ ਅਤੇ ਲਿਖਣ ਦੀਆਂ ਗਤੀਵਿਧੀਆਂ ਹਨ ਜੋ ਤੁਸੀਂ ਆਪਣੇ ਰੁਝੇਵਿਆਂ ਦੌਰਾਨ ਆਪਣੇ ਬੱਚੇ ਨਾਲ ਸਾਂਝੀਆਂ ਕਰ ਸਕਦੇ ਹੋ:


- ਟਰੈਫਿਕ, ਸਟੋਰ ਅਤੇ ਰੈਸਟੋਰੈਂਟ ਸਾਈਨਾਂ ਨੂੰ ਪੜ੍ਹੋ।
- ਖਾਣੇ ਦੇ ਲੇਬਲ, ਅਨੁਸੂਚੀਆਂ, ਨਕਸ਼ੇ, ਹਿਦਾਇਤਾਂ, ਇਸ਼ਤਿਹਾਰਾਂ, ਫਲਾਇਰਾਂ ਅਤੇ ਬਰੋਸ਼ਰਾਂ ਨੂੰ ਪੜ੍ਹੋ।
- ਆਨਲਾਈਨ ਖਾਣੇ ਬਣਾਉਣ ਦੇ ਨੁਕਤੇ, ਸ਼ਬਦਾਂ ਦੇ ਅਰਥ ਅਤੇ ਸਥਾਨਾਂ ਦੇ ਨਕਸ਼ੇ ਵੇਖੋ।
- ਸ਼ਾਪਿੰਗ ਲਿਸਟਾਂ ਅਤੇ ਟੈਲੀਫੂਨ ਦੇ ਸੁਨੇਹੇ ਲਿਖੋ।
- ਆਪਣੀਆਂ ਅਪਾਇੰਟਮੈਂਟਾਂ (appointments) ਅਤੇ ਗਤੀਵਿਧੀਆਂ ਦੀਆਂ ਤਾਰੀਖਾਂ ਅਤੇ ਸਮਾਂ ਪਰਿਵਾਰ ਦੇ ਕੈਲੰਡਰ ਉੱਤੇ ਲਿਖੋ।
- ਸ਼ੁੱਭ ਇੱਛਾਵਾਂ ਦੇ ਕਾਰਡ, ਧੰਨਵਾਦ ਦੇ ਨੋਟ ਜਾਂ ਪੱਤਰ (ਲਿਖਣਾ, ਨਮੂਨਾਦਾਰ ਲਿਖਾਈ ਜਾਂ ਕੀ ਬੋਰਡ ਵਰਤ ਕੇ ਲਿਖਣਾ ਸਾਰਾ ਕੁੱਝ ਸਹੀ ਹੈ) ਅਤੇ ਈ ਮੇਲ ਅਤੇ ਟੈਕਸਟ ਮੈਸੇਜ (text messages) ਪੜ੍ਹੋ ਅਤੇ ਲਿਖੋ।

# ਮਾਪਿਆਂ ਲਈ ਸਾਖਰਤਾ ਦੇ ਚਾਰ ਉੱਚ ਪੱਧਰੀ ਨੁਕਤੇ

ਬੱਚੇ ਨੇਮ ਨੂੰ ਚੰਗੇ ਤਰੀਕੇ ਅਪਣਾਉਂਦੇ ਹਨ, ਸੋ ਜੇਕਰ ਸੰਭਵ ਹੋਵੇ, ਪੜ੍ਹਨ ਨੂੰ ਅਜਿਹੀ ਚੀਜ ਨਾਲ ਜੋੜੋ ਜੋ ਤੁਸੀਂ ਅਤੇ ਤੁਹਾਡਾ ਬੱਚਾ ਹਰ ਰੋਜ਼ ਕਰਨਾ ਲੋਚਦੇ ਹੋ। ਆਪਣੇ ਇੱਕਠੇ ਸਾਥ ਦੇ ਸਮੇਂ ਤੋਂ ਕਿਵੇਂ ਬਿਹਤਰ ਲਾਭ ਲੈਣਾ ਹੈ, ਇਸ ਬਾਰੇ ਇੱਥੇ ਕੁੱਝ ਵਿਚਾਰ ਹਨ:

ਰੋਜ਼ਾਨਾ ਪੜ੍ਹਨ ਦਾ ਸਮਾਂ ਨਿਰਧਾਰਤ ਕਰੋ:

- ਇੱਕ ਖਾਸ ਸਮਾਂ ਨਿਰਧਾਰਤ ਕਰੋ ਜਦੋਂ ਤੁਸੀਂ ਆਪਣੇ ਬੱਚੇ ਨਾਲ ਪੜ੍ਹਨ ਵਾਸਤੇ ਆਪਣਾ ਪੂਰਾ ਧਿਆਨ ਦੇ ਸਕਦੇ ਹੋ।
- ਪਤਾ ਕਰੋ ਕਿ ਤੁਹਾਡਾ ਬੱਚਾ ਕਿਸ ਚੀਜ਼ ਵਿੱਚ ਵਧੇਰੇ ਰੁਚੀ ਰੱਖਦਾ ਹੈ ਅਤੇ ਇਸ ਵਿਸ਼ੇ ਬਾਰੇ ਜਿੰਨੀ ਹੋ ਸਕਦੀ ਹੈ, ਜਾਣਕਾਰੀ ਹਾਸਲ ਕਰੋ।
- ਇੱਕਠੇ ਲਾਇਬਰੇਰੀ ਜਾਓ ਜਾਂ ਸਮੱਗਰੀ ਲਈ ਆਨਲਾਈਨ ਖੋਜ ਕਰੋ।
- ਤੁਹਾਡੇ ਬੱਚੇ ਦੇ ਕਿਸੇ ਖਾਸ ਟੀ ਵੀ ਸ਼ੋਅ ਵਿੱਚੋਂ ਚਹੇਤੇ ਪਾਤਰ ਬਾਰੇ ਪੁਸਤਕਾਂ ਨੂੰ ਵਰਤੋ।
- ਆਨ ਲਾਈਨ ਪੜ੍ਹਨ ਵਾਸਤੇ ਘਰ ਜਾਂ ਲੋਕਲ ਲਾਇਬਰੇਰੀ ਵਿਖੇ ਸਰੇਸ਼ਟ ਵੈੱਬਸਾਈਟਾਂ (ਜਿਵੇਂ ਕਿ ਇਸ ਗਾਈਡ ਦੇ ਪਿੱਛੇ ਦਿੱਤੀਆਂ ਹਨ) ਨੂੰ ਵਰਤੋ।
- ਖੇਡਾਂ, ਬੁਝਾਰਤਾਂ, ਕਾਮਿਕਾਂ (ਚੋਮਚਿਸ) ਜਾਂ ਸੌਫਰਵੇਅਰ ਲਈ ਇੱਕ ਸਥਾਨ ਸ਼ਾਮਲ ਕਰੋ।
- ਆਪਣੇ ਬੱਚੇ ਦੀ ਪਹਿਲੀ ਭਾਸ਼ਾ ਵਿੱਚ ਕਿਤਾਬਾਂ ਅਤੇ ਹੋਰ ਸਮੱਗਰੀ ਪੜ੍ਹੋ। ਇਹ ਤੁਹਾਡੇ ਬੱਚੇ ਨੂੰ ਅੰਗਰਜ਼ੀ ਅਤੇ ਫਰੈਂਚ ਅਤੇ ਹੋਰ ਭਾਸ਼ਾਵਾਂ ਨੂੰ ਪੜ੍ਹਨ ਵਿੱਚ ਮੱਦਦ ਕਰੇਗੀ।



## ਨੁਕਤਾ ਚਾਰ ਇਸਨੂੰ ਮਜ਼ੇਦਾਰ ਬਣਾਓ, ਇਸਨੂੰ ਮਹੱਤਵ ਦਿਉ

> "ਮਾਪਿਆਂ ਲਈ ਸਾਖਰਤਾ ਦੇ ਚਾਰ ਉੱਚ ਪੱਧਰੀ ਨੁਕਤੇ...(ਪੜਾਈ ਨੂੰ) ਮਨਪ੍ਰਚਾਵਾ ਬਣਾਓ। ਇਸਨੂੰ ਹੋਮ ਵਰਕ ਵਰਗਾ ਨਹੀਂ ਹੋਣਾ ਚਾਹੀਦਾ। ਪੜਨ ਨੂੰ ਮਨੋਰੰਜਕ ਬਣਾਓ- ਹਸਾਉਣੀਆਂ ਆਵਾਜ਼ਾਂ ਕੱਢੋ ਅਤੇ ਇੱਕਠੇ ਰੌਲਾ ਰੱਪਾ ਪਾਓ- ਬੱਚੇ ਇਸਨੂੰ ਸੱਚਮੁੱਚ ਪਸੰਦ ਕਰਦੇ ਹਨ!
>
> **Robert Munsch, 2005**
> "A Moment with Munsch"

ਕੋਡ ਨੂੰ ਤੋੜਨਾ

ਜਦੋਂ ਬੱਚੇ ਪੜਨ ਦਾ ਆਨੰਦ ਮਾਣਦੇ ਹਨ, ਉਹ ਬਹੁਤ ਜਿਆਦਾ ਪੜਦੇ ਹਨ। ਅਤੇ ਜਿਆਦਾ ਪੜਨ ਨਾਲ, ਉਹ ਚੰਗੇ ਪੜਨ ਵਾਲੇ ਬਣਦੇ ਹਨ। ਉਹ ਆਪਣੇ ਅਤੇ ਸੰਸਾਰ ਬਾਰੇ ਚੀਜ਼ਾਂ ਨੂੰ ਸਮਝਣ ਅਤੇ ਸਿੱਖਣ ਵਾਸਤੇ ਵੀ ਪੜਦੇ ਹਨ। ( ਜਾਂ ਹੋ ਸਕਦਾ ਹੈ ਉਹ ਉਸ ਵੀਡੀਓ ਗੇਮ ਬਾਰੇ ਪੜਨ ਨੂੰ ਉਤਸ਼ਾਹਿਤ ਹੁੰਦੇ ਹਨ ਜਿਸ ਉੱਤੇ ਉਹ ਅਟਕੇ ਹੋਏ ਹਨ!) ਉਹ ਭਾਸ਼ਾ ਦੀ ਮਕੈਨੀਕਲ ਬਣਤਰ ਤੋਂ ਘਬਰਾਉਂਦੇ ਨਹੀਂ ਕਿਉਂਕਿ ਉਹਨਾਂ ਨੇ ਇਸਦਾ ਕੋਡ ਤੋੜ ਲਿਆ ਹੈ। ਉਸ ਪਲ ਉੱਤੇ, ਤੁਹਾਡੇ ਬੱਚੇ ਲਈ ਇੱਕ ਪੂਰਾ ਨਵਾਂ ਸੰਸਾਰ ਖੁੱਲ ਜਾਂਦਾ ਹੈ।

ਚੁਣੋ ਤੁਸੀਂ ਇੱਕਠਿਆ ਕੀ ਪੜਨ ਜਾ ਰਹੇ ਹੋ:

- ਖਿਆਲਾਂ ਲਈ ਆਨਲਾਈਨ ਵੇਖੋ, ਸ਼ਾਇਦ ਉਹਨਾਂ ਵਿਸ਼ਿਆਂ ਉੱਤੇ ਆਧਾਰਿਤ ਜੋ ਤੁਹਾਡੇ ਬੱਚੇ ਨੂੰ ਪਸੰਦ ਹਨ।
- ਸਿਰਲੇਖਾਂ ਨੂੰ ਲੱਭਣ ਲਈ ਲਾਇਬਰੇਰੀ ਜਾਂ ਬੁੱਕ ਸਟੋਰ ਦਾ ਗੇੜਾ ਮਾਰੋ।

ਹਰ ਕਿਸਮ ਦੀਆਂ ਕਿਤਾਬਾਂ ਚੁਣੋ, ਹਰ ਕਿਸਮ ਦੀ ਸਮੱਗਰੀ ਚੁਣੋ:

- ਹਰ ਕਿਸਮ ਦੀਆਂ ਸਚੀਆਂ ਕਥਾਵਾਂ (non-fiction)- ਸ਼ਾਇਦ ਕੈਨੇਡਾ ਜਾਂ ਵਿਸ਼ਵ ਵਿੱਚ ਹੋਰ ਸਥਾਨਾਂ, ਜੰਗਲੀ ਜਾਨਵਰਾਂ ਜਾਂ ਡਾਇਨਾਸੋਰਾਂ ਬਾਰੇ ਪਹਿਲੀਆਂ ਕਿਤਾਬਾਂ
- ਉਹ ਕਿਤਾਬਾਂ ਜਾਂ ਆਰਟੀਕਲ ਜਿਹਨਾਂ ਵਿੱਚ ਸੰਸਾਰ ਬਾਰੇ ਹਾਂ ਪੱਖੀ ਜਾਂ ਜੋਰਦਾਰ ਖਿਆਲ ਸ਼ਾਮਲ ਹਨ
- ਹਰ ਕਿਸਮ ਦੇ ਅਫਸਾਨੇ- ਐਕਸ਼ਨ, ਕਲਪਨਾ, ਸਾਇੰਸ ਅਫਸਾਨੇ, ਮਜਾਕੀਆ ਕਹਾਣੀਆ
- ਕਹਾਣੀਆਂ ਜੋ ਇਹ ਦਰਸਾਉਂਦੀਆਂ ਹੋਣ ਕਿ ਉਹ ਆਪਣੇ ਆਪ ਨੂੰ ਕਿਵੇਂ ਵੇਖਦੇ ਹਨ: ਸਾਹਸੀ ਲੋਕ, ਹੀਰੋ, ਸ਼ਹਿਜ਼ਾਦੀਆਂ, ਜਾਨਵਰਾਂ ਨੂੰ ਪਿਆਰ ਕਰਨ ਵਾਲੇ (ਭੱਵਿਖ ਦੇ ਜਾਨਵਰਾਂ ਦੇ ਡਾਕਟਰ!), ਜਸੂਸ, ਸੰਭਾਲ ਕਰਨ ਵਾਲੇ ਅਤੇ ਹੋਰ
- ਇੱਕ ਲੜੀ ਵਿੱਚ ਪੁਸਤਕਾਂ (ਬੱਚੇ ਜਾਣੇ ਪਹਿਚਾਣੇ ਪਾਤਰਾਂ ਨਾਲ ਸ਼ਨਾਖਤ ਬਣਾਉਣਾ ਪਸੰਦ ਕਰਦੇ ਹਨ)
- ਅਖਬਰਾ, ਰਿਸਾਲੇ, ਈ ਅਭਿਦਾਨ(e-subscriptions)
- ਕਾਮਿਕ ਪੁਸਤਕਾਂ (Comic) ਅਤੇ ਗਰਾਫਿਕ ਨਾਵਲ, ਕਾਰਟੂਨ, ਚੁਟਕਲੇ, ਬੇਸਬਾਲ ਕਾਰਡ, ਖੇਡਾਂ ਦੇ ਅੰਕ, ਦਿਮਾਗੀ ਖੇਡਾਂ
- ਗੀਤਾਂ ਦੇ ਬੋਲ ਜਾਂ ਲਿਖਤਾਂ ਜੋ ਉਹਨਾਂ ਦੇ ਕਲਾਕਾਰੀ ਸੁਆਦ ਨੂੰ ਅਪੀਲ ਕਰਦੇ ਹਨ।


# ਮਾਪਿਆਂ ਲਈ ਸਾਖਰਤਾ ਦੇ ਚਾਰ ਉੱਚ ਪੱਧਰੀ ਨੁਕਤੇ

ਕਹਾਣੀ ਵਿੱਚ ਜਿੰਦਾ ਦਿਲੀ ਭਰੋ:

- ਇੱਕ ਕਹਾਣੀ ਵਿੱਚ ਵੱਖਰੇ ਪਾਤਰਾਂ ਲਈ ਵੱਖਰੀਆਂ ਆਵਾਜ਼ਾਂ ਕੱਢੋ।
- ਜਿੱਥੇ ਕਿਤੇ ਪਾਤਰ ਦਾ ਨਾਮ ਆਉਂਦਾ ਹੈ, ਪਾਤਰ ਦੀ ਥਾਂ ਆਪਣੇ ਬੱਚੇ ਦਾ ਨਾਮ ਵਰਤੋ
- ਕਹਾਣੀ ਵਿੱਚ ਪਾਤਰਾਂ ਦੀ ਉਹਨਾਂ ਲੋਕਾਂ ਨਾਲ ਤੁਲਨਾ ਕਰੋ ਜਿਹਨਾਂ ਨੂੰ ਤੁਸੀਂ ਦੋਵੇਂ ਜਾਣਦੇ ਹੋ। ਅਸਲ ਵਿਅਕਤੀ ਨਾਲ ਕੀ ਸਾਂਝਾਂ ਹੈ, ਇਸ ਬਾਰੇ ਗੱਲਬਾਤ ਕਰੋ।
- ਕਠਪੁਤਲੀਆਂ ਬਣਾਓ ਅਤੇ ਕਹਾਣੀ ਦਰਸਾਉਣ ਲਈ ਉਹਨਾਂ ਨੂੰ ਵਰਤੋ।
- ਆਪਣੇ ਬੱਚੇ ਨੂੰ ਪਾਤਰ ਅਤੇ ਦ੍ਰਿਸ਼ ਵਾਹੁਣ ਜਾਂ ਪੇਂਟ ਕਰਨ ਲਈ ਉਤਸ਼ਾਹਿਤ ਕਰੋ। "ਹਰ ਤਸਵੀਰ ਇੱਕ ਕਹਾਣੀ ਦੱਸਦੀ ਹੈ" ਇਸ ਖਿਆਲ ਬਾਰੇ ਗੱਲਬਾਤ ਕਰੋ।
- ਆਪਣੇ ਬੱਚੇ ਦੀਆਂ ਮਨਪਸੰਦ ਕਹਾਣੀਆਂ ਨੂੰ ਉੱਨੀ ਵਾਰ ਪੜੋ ਜਿੰਨੀ ਵਾਰ ਤੁਹਾਡਾ ਬੱਚਾ ਉਹਨਾਂ ਨੂੰ ਸੁਣਨਾ ਚਾਹੁੰਦਾ ਹੈ।

ਇਸਨੂੰ ਪ੍ਰਸੰਗਿਕ ਬਣਾਓ

- ਆਪਣੇ ਬੱਚੇ ਨੂੰ ਸਮਝਣ ਵਿੱਚ ਮੱਦਦ ਕਰੋ ਕਿ ਜਿਆਦਾਤਰ ਕਹਾਣੀਆਂ ਇੱਕ ਖਾਸ ਖਿਆਲ ਜਾਂ ਪੱਖ ਪੇਸ਼ ਕਰਦੀਆਂ ਹਨ। (ਤੁਸੀਂ ਗੱਲ ਕਰ ਸਕਦੇ ਹੋ ਕਿ ਜੇਕਰ ਕੋਈ ਹੋਰ ਪਾਤਰ ਇਸਨੂੰ ਦੱਸ ਰਿਹਾ ਹੁੰਦਾ ਤਾਂ ਕਹਾਣੀਕਿਵੇਂ ਬਦਲ ਜਾਵੇਗੀ।)
- ਕਹਾਣੀ ਵਿੱਚ ਸਨਮਾਨ ਅਤੇ ਸਮਾਜਿਕ ਅਤੇ ਸੱਭਿਆਚਾਰਕ ਨਿਆਂ ਬਾਰੇ ਵੇਖੋ। ਕੀ ਕਹਾਣੀ ਵਿੱਚ ਪਾਤਰਾਂ ਨੂੰ ਸਹੀ ਤਰੀਕੇ ਪੇਸ਼ ਕੀਤਾ ਗਿਆ ਹੈ?
- ਗੱਲ ਕਰੋ ਕਿ ਲੇਖਕ ਨੇ ਕਹਾਣੀ ਕਿਉਂ ਲਿਖੀ ਹੋਵੇਗੀ, ਖਾਸਕਰਕੇ ਜੇਕਰ ਕਹਾਣੀ ਇੱਕ ਸਮਾਜਿਕ ਸੁਨੇਹਾ ਦੇਂਦੀ ਹੈ।
- ਸੰਪਾਦਕ ਨੂੰ ਲਿਖੇ ਪੱਤਰਾਂ, ਸੰਪਾਦਕੀਆਂ ਅਤੇ ਅਖਬਾਰਾਂ ਵਿੱਚ ਲਿਖੇ ਕਾਲਮਾਂ ਨੂੰ ਵੇਖਦੇ ਹੋਏ ਸੰਸਾਰ ਵਿੱਚ ਵਾਪਰ ਰਹੀਆਂ ਚੀਜ਼ਾਂ ਬਾਰੇ ਵੱਖੋ ਵੱਖੋ ਵਿਚਾਰਾਂ ਨੂੰ ਘੋਖੋ।



# ਆਪਣੇ ਬੱਚੇ ਤੋਂ ਬਿਹਤਰੀ ਦੀ ਉਮੀਦ ਕਰੋ

ਸਾਨੂੰ ਉਮੀਦ ਹੈ ਤੁਸੀਂ ਆਪਣੇ ਬੱਚੇ ਨੂੰ ਰਵਾਨਗੀ ਨਾਲ ਪੜਨ ਅਤੇ ਸਾਫ ਲਿਖਣ ਦੇ ਸਫਰ ਵਿੱਚ ਮੱਦਦ ਕਰਨ ਲਈ ਇਸ ਗਾਈਡ ਨੂੰ ਮੱਦਦਗਾਰ ਪਾਇਆ ਹੈ। ਉੱਚੀਆਂ ਉਮੀਦਾਂ ਨਾਲ, ਧੀਰਜ ਅਤੇ ਸੋਚਵਾਨ ਮੇਲਜੋਲ ਰਾਹੀਂ, ਤੁਹਾਡਾ ਬੱਚਾ ਇੱਕ ਪਾਠਕ ਅਤੇ ਲੇਖਕ ਵਜ਼ੋਂ ਪ੍ਰਫੁੱਲਤ ਹੋਵੇਗਾ। ਆਪਣੇ ਬੱਚੇ ਦੇ ਅਧਿਆਪਕ ਨਾਲ ਮੇਲ ਜੋਲ ਰਾਹੀਂ ਉਸਦੇ ਘਰ ਵਿਖੇ ਪੜਨ ਅਤੇ ਲਿਖਣ ਨੂੰ ਮੱਦਦ ਦੇਣਾ ਸੱਭ ਤੋਂ ਵਧੇਰੇ ਤਾਕਤਵਰ ਚੋਣ ਹੈ ਜੋ ਤੁਸੀਂ ਆਪਣੇ ਬੱਚੇ ਦੇ ਭੱਵਿਖ ਲਈ ਕਰ ਸਕਦੇ ਹੋ। ਯੂਨੀਵਰਸਿਟੀ ਆਫ ਟੋਰਾਂਟੋ ਦੇ ਪ੍ਰੋਫੈਸਰ ਅਤੇ ਲੇਖਕ ਜਿਮ ਕਿਉਮਿਨਜ਼ (Jim Cummins) ਆਖਦਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਸਿੱਖਣ ਲਈ ਚਾਰ ਮੁੱਖ ਤਰੀਕਿਆਂ ਨਾਲ ਮੱਦਦ ਕਰ ਸਕਦੇ ਹਾਂ:

1. ਜਦੋਂ ਅਸੀਂ ਸਿੱਖਣ ਨੂੰ ਸਮਾਜਿਕ ਅਤੇ ਆਪਸੀ ਤਾਲਮੇਲ ਵਾਲਾ ਬਣਾਉਂਦੇ ਹਾਂ
2. ਜਦੋਂ ਅਸੀਂ ਸੁਆਲ ਪੁੱਛਦੇ ਹਾਂ ਅਤੇ ਇੱਕਠੇ ਡੂੰਘਾਈ ਵਿੱਚ ਜਵਾਬ ਖੋਜਦੇ ਹਾਂ
3. ਜਦੋਂ ਅਸੀਂ ਚੋਣ ਕਰਨ ਨੂੰ ਉਤਸ਼ਾਹਿਤ ਕਰਦੇ ਹਾਂ, ਉਹਨਾਂ ਨੂੰ ਵੱਧਣ ਦੇ ਅਵਸਰ ਦੇਂਦੇ ਹਾਂ ਅਤੇ ਉਹਨਾਂ ਨੂੰ ਆਪਣੀ ਆਵਾਜ਼ ਸਥਾਪਿਤ ਕਰਨ ਦੇਂਦੇ ਹਾਂ।
4. ਜਦੋਂ ਅਸੀਂ ਉਹਨਾਂ ਨੂੰ ਸੁਆਲ ਪੁੱਛਣ ਲਈ ਉਤਸ਼ਾਹਿਤ ਕਰਦੇ ਹਾਂ ਅਤੇ ਜੋਖਮ ਲੈਂਦੇ ਹਾਂ (ਉਹਨਾਂ ਨੂੰ ਸੁਰੱਖਿਅਤ ਰੱਖਦੇ ਹੋਏ)

### ਆਪਣੇ ਬੱਚੇ ਲਈ ਬਿਹਤਰੀ ਦੀ ਉਮੀਦ ਕਰਦੇ ਹੋਏ

1. ਸਫਲਤਾਵਾਂ ਦੀ ਪ੍ਰਸੰਸਾ ਕਰੋ
2. ਅਸਫਲਤਾਵਾਂ ਉੱਤੇ ਕੇਂਦਰਿਤ ਨਾ ਹੋਵੋ
3. ਆਪਣੇ ਬੱਚੇ ਨੂੰ ਅਧਿਆਪਕ ਤੋਂ ਮੱਦਦ ਮੰਗਣ ਲਈ ਉਤਸ਼ਾਹਿਤ ਕਰੋ।
4. ਆਪਣੇ ਬੱਚੇ ਨੂੰ ਇਹ ਪਥ ਨਾਪਣ ਵਿੱਚ ਮੱਦਦ ਕਰੋ ਕਿ ਉਹ ਕਿਵੇਂ ਕਰ ਰਿਹਾ ਹੈ.



# ਆਨਲਾਈਨ ਸ੍ਰੋਤ

**TVOParents**
ਇਹ ਸਾਈਟ ਮਾਪਿਆਂ ਨੂੰ ਸਿੱਖਣ ਵਿੱਚ ਅਤੇ ਉਹਨਾਂ ਦੇ ਬੱਚਿਆਂ ਨੂੰ ਸਹਾਇਤਾ ਦੇਣ ਵਿੱਚ ਮੱਦਦ ਕਰਨ ਲਈ ਵੀਡੀਓ ਅਤੇ ਹੋਰ ਸਾਧਨਾਂ ਦਾ ਇੱਕ ਵਿਆਪਕ ਸ੍ਰੋਤ ਹੈ।

http://tvoparents.tvo.org

**TVOKids**
ਇਹ ਸਾਈਟ 170 ਸਿੱਖਿਆਦਾਇਕ ਖੇਡਾਂ, 4,500 ਤੋਂ ਵੱਧ ਵੀਡੀਓ ਅਤੇ TVOKids Homework Zone ਦਾ ਘਰ ਹੈ।

www.tvokids.com

**KidLit**
KidLit ਬੱਚਿਆਂ ਨੂੰ ਉਹਨਾਂ ਦੀਆਂ ਕ੍ਰਿਤਾਂ ਆਨਲਾਈਨ ਛਾਪਣ ਅਤੇ ਲੋਕਾਂ ਨੂੰ ਟਿੱਪਣੀਆਂ ਕਰਨ ਦੇਂਦਾ ਹੈ। ਬੱਚੇ ਆਪਣੀਆਂ ਮਨਪਸੰਦ ਪੁਸਤਕਾਂ ਬਾਰੇ ਆਪਣੀ ਸਮੀਖਿਆ ਵੀ ਭੇਜ ਸਕਦੇ ਹਨ।

http://mgfx.com/kidlit/

**Be a Great Parent** (ਇੱਕ ਅਜ਼ੀਮ ਮਾਪੇ ਬਣੋ)
ਨਿਆਗਰਾ ਫਾਲਜ਼ ਰੀਜਨਲ ਮਿਊਂਸਪੈਲਟੀ ਦੀ ਮੁਹਿੰਮ ਤੁਹਾਡੇ ਬੱਚੇ ਜਾਂ ਕਿਸ਼ੋਰਾਂ ਨਾਲ ਅਸਰਦਾਰ ਸੰਚਾਰ, ਅਗਵਾਈ, ਰਿਸ਼ਤਿਆਂ ਬਾਰੇ ਮਾਪਿਆਂ ਦੇ ਸੁਆਲਾਂ ਦੇ ਜਵਾਬਾਂ ਉੱਤੇ ਕੇਂਦਰਿਤ ਹੈ। ਉਪਯੋਗੀ ਪੋਸਟਰ, ਸਾਧਨ ਅਤੇ ਤੱਥ ਦੀਆਂ ਸ਼ੀਟਾਂ ਉਪਲਬਧ ਹਨ

www.beagreatparent.ca

**Canadian Wildlife Federation**
(ਕੈਨੇਡੀਅਨ ਵਾਈਲਡਲਾਈਫ ਫੈਡਰੇਸ਼ਨ)
ਇਹ ਸਾਈਟ ਸਾਧਨ ਮੁਹਈਆ ਕਰਦੀ ਹੈ ਅਤੇ ਹੈਬੀਟਾਟ (habitat) ਪ੍ਰੋਗਰਾਮ ਚਲਾਉਂਦੀ ਹੈ। ਬੱਚਿਆਂ ਨੂੰ ਜੰਗਲੀ ਜੀਵਨ ਦੀ ਕੀਮਤ ਅਤੇ ਸਿਹਤਮੰਦ ਹੈਬੀਟਾਟਾਂ (habitats) ਬਾਰੇ ਸਿੱਖਣ ਲਈ ਉਤਸ਼ਾਹਿਤ ਕਰਦੀ ਹੈ।

www.cwf-fcf.org/en/educate/ed_resources/kids-corner/

**Canadian Geographic Kids**
(ਕੈਨੇਡੀਅਨ ਜੀਓਗਰਾਫਿਕ ਕਿਡਜ਼)
ਬੱਚੇ ਕੈਨੇਡਾ ਨੂੰ ਇਸਦੇ ਜੱਤੀ (woolly) ਜੰਗਲੀ ਜੀਵਨ, ਵੱਡੀ ਅਕਾਰੀ ਭੂਗੋਲ ਅਤੇ ਮਨੋਰੰਜਕ ਤੱਥਾਂ ਰਾਹੀਂ ਘੋਖ ਸਕਦੇ ਹਨ। ਖੇਡਾਂ ਦੀ ਮੇਜ਼ਬਾਨੀ, ਹੋਮ-ਵਰਕ ਵਿੱਚ ਮੱਦਦ ਅਤੇ ਹੋਰ ਬਹੁਤ ਕੁੱਝ ਪ੍ਰਦਾਨ ਕਰਦਾ ਹੈ,

www.canadiangeographic.ca/kids/

***Kayak*: Canada's History Magazine for Kids**
(ਬੱਚਿਆਂ ਲਈ ਕੈਨੇਡਾ ਦੇ ਇਤਿਹਾਸ ਦਾ ਰਿਸਾਲਾ)
ਇਹ ਸਾਈਟ ਬੱਚਿਆਂ ਨੂੰ ਕੈਨੇਡਾ ਦੇ ਬੀਤੇ ਸਮੇਂ ਦੇ ਕੌਣ, ਕੀ, ਕਦੋਂ, ਕਿੱਥੇ, ਕਿਉਂ ਅਤੇ ਕਿਵੇਂ ਅਤੇ ਇਹ ਵਰਤਮਾਨ ਨਾਲ ਕਿਵੇਂ ਜੁੜਦਾ ਹੈ, ਨਾਲ ਜਾਣਕਾਰ ਬਣਾਉਂਦੀ ਹੈ। ਕੈਨੇਡਾ ਦੀ ਨੈਸ਼ਨਲ ਹਿਸਟਰੀ ਸੁਸਾਇਟੀ ਵੱਲੋਂ ਪ੍ਰਕਾਸ਼ਿਤ, *Kayak* 7 ਤੋਂ 11 ਸਾਲ ਦੇ ਬੱਚਿਆਂ ਦੀ ਸੋਚ ਨੂੰ ਪਕੜਨ ਲਈ ਡੀਜ਼ਾਇਨ ਕੀਤਾ ਗਿਆ ਹੈ।

http://resource.canadashistory.ca/kayak/

**Ontario Education Resource Bank (OERB)**
(ਉਂਟੇਰੀਓ ਐਜੂਕੇਸ਼ਨ ਰੀਸੋਰਸ ਬੈਂਕ)
ਇਸ ਆਨਲਾਈਨ ਲਾਇਬਰੇਰੀ ਉੱਤੇ ਸਾਰੇ ਗਰੇਡਾਂ ਦੇ ਵਿੱਦਿਆਰਥੀਆਂ ਲਈ ਗਤੀਵਿਧੀਆਂ ਅਤੇ ਸ੍ਰੋਤ ਸਮੱਗਰੀ ਹੈ। ਵਿੱਦਿਆਰਥੀ ਆਨਲਾਈਨ ਕਸਰਤਾਂ ਅਤੇ ਗਤੀਵਿਧੀਆਂ ਵਿੱਚ ਭਾਗ ਲੈ ਸਕਦੇ ਹਨ ਜੋ ਉਹ ਘਰ ਵਿਖੇ ਆਪਣੀ ਸਿਖਲਾਈ ਨੂੰ ਮਜਬੂਤ ਕਰਨ ਲਈ ਕਰ ਸਕਦੇ ਹਨ।

www.edu.gov.on.ca/elearning/bank.html

**BBC Kids** (ਬੀ ਬੀ ਸੀ ਕਿਡਜ਼)
ਬਿਨਾ ਇਸ਼ਤਿਹਾਰਾਂ ਤੋਂ ਇਹ ਚੈਨਲ ਸਕੂਲ ਪੂਰਵ ਬੱਚਿਆਂ ਤੋਂ ਕਿਸ਼ੋਰਾਂ ਤੱਕ ਲਈ ਪ੍ਰੋਗਰਾਮ ਪ੍ਰਸਾਰਣ ਕਰਦਾ ਹੈ। ਮੁੱਖ ਤੌਰ ਉੱਤੇ ਬਰਤਾਨੀਆ ਤੋਂ ਪ੍ਰੰਤੂ ਕੁੱਝ ਕੈਨੇਡੀਅਨ ਅੰਸ਼ ਵੀ ਹੁੰਦਾ ਹੈ।

www.bbckids.ca

**Parents Matter** (ਪੇਰੈਂਟ ਮੈਟਰ)
ਇਸ ਵੈੱਬਸਾਈਟ ਉੱਤੇ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਸਿੱਖਿਆ ਅਤੇ ਵਿਕਾਸ ਵਿੱਚ ਵਧੇਰੇ ਸ਼ਮੂਲੀਅਤ ਕਰਨ ਵਿੱਚ ਮੱਦਦ ਦੇਣ ਲਈ ਸ੍ਰੋਤ ਅਤੇ ਲਿੰਕ ਹਨ।

www.parentsmatter.ca/index.cfm

**Discovery Channel School**
(ਡਿਸਕਵਰੀ ਚੈਨਲ ਸਕੂਲ)
ਇਹ ਸਾਈਟ ਬੱਚਿਆਂ ਨੂੰ ਆਪਣੀ ਸਿੱਖਿਆ ਦਾ \ ਆਪ ਚਾਰਜ ਲੈਣ ਵਿੱਚ ਮੱਦਦ ਕਰਨ ਲਈ ਵੱਡੀ ਰੇਂਜ ਦੇ ਮੁਫਤ ਕਲਾਸ-ਰੂਮ ਸਾਧਨ ਅਤੇ ਸਿਖਲਾਈ ਦੇ ਸ੍ਰੋਤ ਪੇਸ਼ ਕਰਦੀ ਹੈ।

www.discoveryeducation.com/teachers/

# ਆਨਲਾਈਨ ਸ੍ਰੋਤ

**_National Geographic Kids_** (ਨੈਸ਼ਨਲ ਜੀਓਗਰਾਫਿਕ ਕਿਡਜ਼)
ਇਹ ਬੱਚਿਆਂ ਦਾ ਰਿਸਾਲਾ ਨੈਸ਼ਨਲ ਜੀਓਗਰਾਫਿਕ ਸੁਸਾਇਟੀ ਵੱਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਹੈ। 6 ਸਾਲ ਤੋਂ 14 ਸਾਲ ਦੀ ਉਮਰ ਦਰਮਿਆਨ ਬੱਚਿਆਂ ਲਈ ਉਪਯੁਕਤ

http://kids.nationalgeographic.com/kids/

**PBS Kids** (ਪੀ ਬੀ ਐਸ ਕਿਡਜ਼)
ਵੈੱਬਸਾਈਟਾਂ ਦਾ ਇਹ ਰੰਗਦਾਰ ਸਮੂਹ ਪਸੰਦੀਦਾ ਟੀ ਵੀ ਸ਼ੋਆਂ, ਜਿਵੇਂ ਕਿ *Clifford the Big Red Dog, Teletubbies, Reading Rainbow and Sesame Street,* ਉੱਤੇ ਆਧਾਰਿਤ ਹੈ। ਬੱਚੇ ਆਪਣੇ ਪਸੰਦੀਦਾ ਪਾਤਰਾਂ ਨੂੰ ਆਨਲਾਈਨ ਵੇਖਕੇ, ਉਹਨਾਂ ਨਾਲ ਖੇਡਾਂ ਖੇਡਕੇ ਅਤੇ ਅਗੇਤੀਆਂ ਪੜ੍ਹਨ ਦੀਆਂ ਰਣਨੀਤੀਆਂ ਸਿੱਖਕੇ ਖੁਸ਼ ਹੋਣਗੇ।

http://pbskids.org/

**4Kids.org**
4Kids.org ਸਿੱਖਿਆਦਾਤਾਵਾਂ, ਲੇਖਕਾਂ, ਤਕਨਾਲੋਜੀ ਮਾਹਰਾਂ ਅਤੇ ਵਿੱਦਿਆਰਥੀਆਂ ਦੀ ਟੀਮ ਹੈ ਜੋ ਇਹ ਵਿਖਾਉਂਦੇ ਹੋਏ ਹਫਤਾਵਾਰੀ ਆਰਟੀਕਲ ਅਤੇ ਲਿੰਕ ਪੈਦਾ ਕਰਦੀ ਹੈ ਕਿ ਕਿਵੇਂ ਆਨਲਾਈਨ ਸਿਖਲਾਈ ਸੁਰੱਖਿਅਤ, ਮਨੋਰੰਜਕ ਅਤੇ ਸਾਹਸ ਭਰੀ ਗਤੀਵਿਧੀ ਹੋ ਸਕਦੀ ਹੈ।

www.4kids.org

**Sample virtual field trips** (ਸੈਂਪਲ ਵਰਚੁਅਲ ਫੀਲਡ ਟਰਿਪਸ)
ਪੂਰੇ ਸੰਸਾਰ ਦੁਆਲੇ ਵੱਖੋ ਵੱਖਰੇ ਥਾਵਾਂ ਦੀ ਸੈਰ ਕਰੋ, ਅਕਸਰ ਵੈੱਬ ਕੈਮ ਦੀ ਪਹੁੰਚ (webcam access) ਨਾਲ ਜਾਂ ਖੇਡਾਂ, ਫੋਟੋਆਂ ਅਤੇ ਵੀਡੀਓ ਦੁਆਰਾ।


www.theteachersguide.com/virtualtours.html


**United Nations Cyberschoolbus**
(ਯੂਨਾਈਟਡ ਨੇਸ਼ਨਜ਼ ਸਾਈਬਰ ਸਕੂਲ ਬੱਸ)
ਵਿੱਦਿਆਰਥੀਆਂ ਅਤੇ ਅਧਿਆਪਕਾਂ ਦੋਵਾਂ ਲਈ ਯੂ ਐਨ ਦੇ ਜਾਣਕਾਰੀ ਕੇਂਦਰ ਜਾਵੋ

http://cyberschoolbus.un.org

# HOMEWORK ZONE ਹੋਮ ਵਰਕ ਜ਼ੋਨ

TVOKids Homework Zone ਇੱਕ ਆਸਾਨੀ ਨਾਲ ਵਰਤਿਆ ਜਾਣ ਵਾਲਾ ਵਾਤਾਵਰਣ ਹੈ ਜਿਸ ਵਿੱਚ ਬੱਚੇ ਉਹਨਾਂ ਸਿਧਾਂਤਾਂ ਨੂੰ ਅਨੁਸਰਣ ਕਰ ਸਕਦੇ ਹਨ ਜੋ ਉਹਨਾਂ ਨੇ ਸਕੂਲ ਵਿੱਚ ਸਿੱਖੇ ਹਨ ਅਤੇ ਉਂਟੇਰੀਓ ਸਿਲੇਬਸ ਦੇ ਤਿੰਨ ਬੁਨਿਆਦੀ ਖੇਤਰਾਂ ਵਿੱਚ ਮੱਦਦ ਲੈ ਸਕਦੇ ਹਨ: ਹਿਸਾਬ, ਸਾਇੰਸ ਅਤੇ ਸਾਖਰਤਾ। ਇਸ ਵਿੱਚ ਅਧਿਆਪਕਾਂ ਦੀਆਂ ਵੀਡੀਓ, TVOKids ਸ਼ੋਅ, ਵੈੱਬ ਖੇਡਾਂ, ਪਰਿੰਟ ਕਰਨ ਯੋਗ ਵਰਕ-ਸ਼ੀਟਾਂ, ਤਾਲਮੇਲ ਵਾਲੇ ਅਭਿਆਸ ਦੇ ਸਾਧਨ ਅਤੇ ਸਿੱਖਿਆ ਦੇ ਨੁਕਤੇ ਸ਼ਾਮਲ ਹਨ। The Homework Zone (ਹੋਮ ਵਰਕ ਜ਼ੋਨ) ਤੁਹਾਨੂੰ ਇਹ ਵੇਖਣ ਦਾ ਅਵਸਰ ਦੇਂਦਾ ਹੈ ਕਿ ਸਿਧਾਂਤਾਂ ਨੂੰ ਸਕੂਲ ਵਿੱਚ ਕਿਵੇਂ ਪੜਾਇਆ ਜਾ ਸਕਦਾ ਹੈ ਅਤੇ ਕਿਵੇਂ ਤੁਹਾਡੇ ਬੱਚੇ ਦੀ ਸਿਖਲਾਈ ਵਿੱਚ ਘਰ ਵਿਖੇ ਤੁਸੀਂ ਮੱਦਦ ਕਰ ਸਕਦੇ ਹੋ।






Ontario

**Ontario Ministry of Education**
Cette publication est disponible en français.
ISBN 978-1-4435-9379-3 (Print) ISBN 978-1-4435-9380-9 (PDF)
ISBN 978-1-4435-9381-6 (TXT) © Queen’s Printer for Ontario, 2012